# ਸਿੱਖ ਸਖ਼ਸ਼ੀਅਤਾਂ

## ੧੭੧੬ - ੧੯੦੧

## ਸ੍ਰੀ ਹੇਮਕੁੰਟ ਫ਼ਾਉਂਡੇਸ਼ਨ ਇੰਕ.

## ਦੇ

## ਸ਼ਰਧਾਲੂ ਸੇਵਾਦਾਰਾਂ ਵੱਲੋਂ

# ਤਤਕਰਾ


| | | | |
|---|---|---|---|
| ੧ | ਦੀਵਾਨ ਦਰਬਾਰਾ ਸਿੰਘ | ੧੭੨੧ - ੧੭੩੪ | ੪ |
| ੨ | ਨਵਾਬ ਕਪੂਰ ਸਿੰਘ | ੧੭੨੬ - ੧੭੫੩ | ੮ |
| ੩ | ਜੱਸਾ ਸਿੰਘ ਆਹਲੂਵਾਲੀਆ | ੧੭੧੮ - ੧੭੮੩ | ੧੨ |
| ੪ | ਸ਼ੁੱਖਾ ਸਿੰਘ | ੧੭੦੭ - ੧੭੫੧ | ੧੯ |
| ੫ | ਜੱਸਾ ਸਿੰਘ ਰਾਮਗੜ੍ਹੀਆ | ੧੭੨੩ - ੧੮੦੩ | ੨੨ |
| ੬ | ਸ਼ਰਦਾਰ ਬਘੇਲ ਸਿੰਘ | ???? - ੧੮੦੨ | ੨੭ |
| ੭ | ਸ਼ਰਦਾਰ ਹਰੀ ਸਿੰਘ ਨਲਵਾ | ੧੭੯੧ - ੧੮੩੭ | ੩੧ |
| ੮ | ਅਕਾਲੀ ਫ਼ੂਲਾ ਸਿੰਘ | ੧੭੬੧ - ੧੮੩੨ | ੩੬ |
| | ਸਿੱਖ ਬਨਾਮ ਮੁਗ਼ਲ / ਅਫ਼ਗਾਨ ਰਾਜੇ | ੧੭੧੬ - ੧੮੦੧ | ੪੦ |

# ਭੂਮਿਕਾ

ਵਰਤਮਾਨ ਸਮੇਂ ਬਾਰੇ ਜਾਨਣਾ, ਖਾਸ ਕਰਕੇ ਨੌਂ-ਜੁਆਨਾਂ ਲਈ, ਬਹੁਤ ਜ਼ਰੂਰੀ ਹੈ ਤਾਕਿ ਉਹ ਆਪਣੇ ਆਪ ਨੂੰ ਭਵਿੱਖ ਵਾਸਤੇ ਤਿਆਰ ਕਰ ਸਕਣ। ਇਹ ਜਾਨਣਾ ਵੀ ਉਤਨਾ ਹੀ ਜ਼ਰੂਰੀ ਹੈ ਕਿ ਅਸੀਂ ਇਥੇ ਕਿਵੇਂ ਆਏ ਅਤੇ ਸਭਿਆਚਾਰਕ, ਧਾਰਮਿਕ, ਸਿਆਸੀ ਅਤੇ ਆਰਥਿਕ ਰੂਪ ਵਿਚ ਕਿਵੇਂ ਇਕ-ਮਿਕ ਹੋ ਸਕੇ। ਆਪਣਾ ਇਤਿਹਾਸ ਜਾਨਣ ਦੇ ਨਾਲ ਸੰਸਾਰ ਵਿਚ ਚੱਲਣ ਦਾ ਸਾਧਨ ਬਣਦਾ ਹੈ।

ਜਿਥੋਂ ਤੱਕ ਸਿੱਖਾਂ ਦੇ ਇਤਿਹਾਸ ਦਾ ਸੰਬੰਧ ਹੈ, ਇਸ ਨੂੰ ਹੇਠ ਦਿਤੇ ਵਿਸ਼ੇਸ਼ ਸਮਾਂ-ਕਾਲਾਂ ਵਿਚ ਵੰਡਿਆ ਜਾ ਸਕਦਾ ਹੈ।

| ਸਮਾਂ-ਕਾਲ | ਵੇਰਵਾ |
|---|---|
| ੧੪੬੯ ਤਕ | ਗੁਰੂ ਨਾਨਕ ਦੇਵ ਜੀ ਦੇ ਪਰਕਾਸ਼ (ਜਨਮ) ਹੋਣ ਤੋਂ ਪਹਿਲਾਂ |
| ੧੪੬੯ - ੧੭੦੮ | ਗੁਰੂ ਕਾਲ |
| ੧੭੦੮ - ੧੭੧੬ | ਬਾਬਾ ਬੰਦਾ ਬਹਾਦੁਰ |
| ੧੭੧੬ - ੧੮੦੧ | ਮਿਸਲ ਕਾਲ |
| ੧੮੦੧ - ੧੮੪੯ | ਸਿੱਖ ਰਾਜ<br>ਮਹਾਰਾਜਾ ਰਣਜੀਤ ਸਿੰਘ |
| ੧੮੪੯ - ੧੯੪੭ | ਬਰਤਾਨਵੀ ਰਾਜ ਕਾਲ |
| ੧੯੪੭ - ਹੁਨ ਤਕ | ਭਾਰਤੀ ਸਵਤੰਤਰਤਾ ਤੋਂ ਲੈ ਕੇ |

ਸਿੱਖ ਇਤਿਹਾਸ ਦੇ ਸਬੰਧ ਵਿਚ ਵੱਖ ਵੱਖ ਸਮਾਂ-ਕਾਲਾਂ ਬਾਰੇ, ੧੭੧੩-੧੮੦੧ ਦੇ ਸਮੇਂ ਨੂੰ ਛੱਡ ਕੇ, ਸਾਡੇ ਕੋਲ ਚੋਖਾ ਸਾਹਿਤ-ਭੰਡਾਰ ਮੌਜੂਦ ਹੈ। ਇਸ ਲੜੀ ਦੇ ਜੋੜਨ ਲਈ ਵਿਸਤਾਰ ਦੇਣ ਦਾ ਯਤਨ ਕੀਤਾ ਗਿਆ ਹੈ। ਉਮੀਦ ਕਰਦੇ ਹਾਂ ਕਿ ਨੌਂ-ਜੁਆਨ ਪੀੜ੍ਹੀ ਇਸਨੂੰ ਲਾਭਦਾਇਕ ਸਮਝੇ।

# ੧. ਦਰਬਾਰਾ ਸਿੰਘ

ਬਾਬਾ ਬੰਦਾ ਸਿੰਘ ਬਹਾਦੁਰ ਨੂੰ ੯ ਜੂਨ ੧੭੧੬ ਨੂੰ ਸ਼ਹੀਦ ਕਰ ਦਿੱਤਾ ਗਿਆ। ਇਸ ਤੋਂ ਬਾਅਦ ਸਿੱਖਾਂ ਦਾ ਜੀਵਨ ਵੱਧ ਤੋਂ ਵੱਧ ਮੁਸ਼ਕਲਾਂ ਭਰਿਆ ਬਣਿਆ ਰਿਹਾ। ਲਾਹੌਰ ਦੇ ਗਵਰਨਰ ਦਲੇਰ ਜੰਗ ਨੇ ਗਸ਼ਤ ਪਾਰਟੀਆਂ ਬਣਾਈਆਂ, ਜਿਹਨਾਂ ਦਾ ਮੰਤਵ ਸੀ – ਸਿੱਖਾਂ ਦਾ ਸ਼ਿਕਾਰ ਕਰਨਾ। ਉਸਨੇ ਇਕ ਹੁਕਮ ਜਾਰੀ ਕੀਤਾ: "ਉਹ ਸਾਰੇ ਸਿੱਖ ਜਿਹੜੇ ਨਾਨਕ ਦੀ ਬਾਣੀ ਤੇ ਵਿਸ਼ਵਾਸ ਕਰਦੇ ਹਨ, ਉਹਨਾਂ ਨੂੰ ਮਾਰ ਦੇਣਾ ਹੈ। ਜੇ ਕੋਈ ਵੀ ਕਿਸੇ ਸਿੱਖ ਦਾ ਸਿਰ ਲਿਆਵੇਗਾ, ਉਸਨੂੰ ਇਨਾਮ ਦਿੱਤਾ ਜਾਵੇਗਾ।"

ਜਿੱਥੇ ਕਿੱਥੇ ਵੀ ਸਿੱਖ ਲੱਭਦੇ ਸਨ, ਲਾਲਚੀ ਲੋਕਾਂ ਨੇ ਉਹਨਾਂ ਦੇ ਕਤਲ ਕਰਨੇ ਸ਼ੁਰੂ ਕਰ ਦਿੱਤੇ । ਇਸਤਰ੍ਹਾਂ ਉਹਨਾਂ ਨੂੰ ਇਨਾਮ ਮਿਲਦੇ ਸਨ। ਅਜਿਹੇ ਹਾਲਾਤਾਂ ਕਾਰਨ ਸਿੱਖਾਂ ਨੂੰ ਸ਼ਹਿਰਾਂ ਅਤੇ ਪਿੰਡਾਂ ਤੋਂ ਬਾਹਰ ਨਿਕਲਣਾ ਪਿਆ ਅਤੇ ਆਪਣੇ ਆਪ ਨੂੰ ਜ਼ਿੰਦਾ ਰੱਖਣ ਲਈ ਕਿਧਰੇ ਜੰਗਲਾਂ, ਪਹਾੜਾਂ ਅਤੇ ਦਲਦਲੀ ਜੂਹਾਂ ਵਿਚ ਰਹਿਣਾ ਪਿਆ। ਉਹਨਾਂ ਦਾ ਕੋਈ ਸਿਆਸੀ ਨੇਤਾ ਨਹੀਂ ਸੀ। ਆਪਣੀ ਸੁਰੱਖਿਆ ਅਤੇ ਇਕੱਠੇ ਰਹਿਣ ਲਈ ਉਹਨਾਂ ਨੇ ਛੋਟੇ ਛੋਟੇ ਗਰੁੱਪ ਬਣਾ ਲਏ।

ਦਿੱਲੀ ਦੀ ਸਿਆਸੀ ਹਾਲਤ ਅਕਸਰ ਵਿਗੜੀ ਰਹਿੰਦੀ ਸੀ। ਇੱਥੇ ਵੱਖ ਵੱਖ ਲੋਕ ਮੁਗ਼ਲ ਤਖ਼ਤ ਲਈ ਲੜਦੇ ਰਹਿੰਦੇ ਸਨ। ੧੭੧੭ ਵਿਚ ਇਹ ਲੜਾਈ ਬਹੁਤ ਵੱਧ ਗਈ। ਇਸਤਰ੍ਹਾਂ ਦਿੱਲੀ ਦੀ ਸਰਕਾਰ ਅਤੇ ਲਾਹੌਰ ਦਾ ਗਵਰਨਰ ਵੀ ਸਿੱਖਾਂ ਦਾ ਪਿੱਛਾ ਕਰਨ ਵਲੋਂ ਬੇ-ਧਿਆਨਾ ਹੋ ਗਏ। ਕਸੂਰ, ਕਸ਼ਮੀਰ ਅਤੇ ਮੁਲਤਾਨ ਵਿਚ ਬਗ਼ਾਵਤਾਂ ਹੋ ਗਈਆਂ ਅਤੇ ਗਵਰਨਰ ਬਗ਼ਾਵਤ ਖਤਮ ਕਰਨ ਵੱਲ ਲੱਗਾ ਰਿਹਾ। ਸਿੱਖ ਹੌਲੀ ਹੌਲੀ ਪਹਾੜਾਂ ਅਤੇ ਜੰਗਲਾਂ ਵਿਚੋਂ ਨਿਕਲ ਕੇ ਵਾਪਸ ਪਿੰਡਾਂ ਅਤੇ ਸ਼ਹਿਰਾਂ ਵਿਚ ਆਉਣ ਲੱਗ ਪਏ।

੧੭੨੦ ਵਿਚ ਸਿੱਖ ਆਖਰਕਾਰ ਕਈ ਸਾਲਾਂ ਬਾਅਦ ਅੰਮ੍ਰਿਤਸਰ ਵਿਚ ਇਕੱਠੇ ਹੋਏ। ਸਿੱਖਾਂ ਵਿਚ ਕੁਝ ਵਿਤਕਰੇ ਪੈ ਗਏ ਸਨ। ਇਕ ਗਰੁੱਪ 'ਤੱਤ ਖ਼ਾਲਸਾ' ਦਾ ਇਹ ਵਿਸ਼ਵਾਸ ਸੀ ਕਿ ਗੁਰੂ ਗੋਬਿੰਦ ਸਿੰਘ ਹੀ ਗੁਰੂ ਸੀ, ਅਤੇ ਬਾਕੀ ਦੇ ਜਿਵੇਂ ਕਿ ਬੰਦਾਈ, ਗੰਗਾ ਸ਼ਾਹੀ, ਗੁਲਾਬ ਰਈਸ ਆਦਿ ਇਹ ਵਿਸ਼ਵਾਸ ਰਖਦੇ ਸਨ ਕਿ ਗੁਰੂ ਗੋਬਿੰਦ ਸਿੰਘ ਨੇ ਨਿੱਜੀ-ਗੁਰਤਾ ਨੂੰ ਖਤਮ ਨਹੀਂ ਕੀਤਾ ਸ਼ੀ। ਦੋਨੋ ਧੜਿਆਂ ਦਾ ਵਿਸ਼ਵਾਸ ਸੀ ਕਿ ਗੁਰਦਵਾਰਿਆਂ ਦੀ ਸਾਂਭ-ਸੰਭਾਲ ਅਤੇ ਰੱਖ-ਰਖਾਵ ਦਾ ਹੱਕ ਅਤੇ ਜ਼ਿੰਮੇਦਾਰੀ ਉਹਨਾਂ ਦੀ ਹੈ। ਭਾਈ ਬਿਨੋਦ ਸਿੰਘ ਦੇ ਸਪੁੱਤਰ ਕਾਹਨ ਸਿੰਘ

ਦੋਨੋ ਧੜਿਆਂ ਲਈ ਕੰਮ ਕਰਦੇ ਅਤੇ ਉਹਨਾਂ ਨੂੰ ਸਮਝਾਉਂਦੇ। ਖੈਰ, ਇਸਤਰ੍ਹਾਂ ਲੜਾਈ ਝਗੜਾ ਟਲ ਗਿਆ।

ਭਾਈ ਮਨੀ ਸਿੰਘ ਜੀ ਨੇ ਬੜੀ ਸੂਝ ਬੂਝ ਨਾਲ ੧੭੨੧ ਦੀ ਵਿਸਾਖੀ ਵਾਲੇ ਦਿਨ ਦੋਨੋ ਧੜਿਆਂ ਵਿਚ ਅਮਨ ਕਾਇਮ ਕੀਤਾ। ਬਹੁਤ ਸਾਰੇ ਬੰਦਈ ਤੱਤ ਖ਼ਾਲਸਾ ਨਾਲ ਰਲ ਗਏ, ਪਰ ਉਹਨਾਂ ਦੇ ਗੁਰੂ ਮਹੰਤ ਅਮਰ ਸਿੰਘ ਅਤੇ ਕੁਝ ਹੋਰ ਪੈਰੋਕਾਰਾਂ ਨੇ ਉਹਨਾਂ ਨਾਲ ਮਿਲਣ ਤੋਂ ਇਨਕਾਰ ਕਰ ਦਿੱਤਾ। ਤੱਤ ਖ਼ਾਲਸਾ ਨੇ ਉਹਨਾਂ ਨੂੰ ਹਰਿਮੰਦਰ ਸਾਹਿਬ ਵਿਚੋਂ ਬਾਹਰ ਕੱਢ ਦਿੱਤਾ। ਉਸ ਦਿਨ ਲੱਗੇ ਦੀਵਾਨ ਵਿਚ ਭਾਈ ਮਨੀ ਸਿੰਘ ਨੂੰ ਮੁੱਖ ਗਰੰਥੀ ਥਾਪਿਆ ਗਿਆ ਅਤੇ ਦਰਬਾਰਾ ਸਿੰਘ ਨੂੰ ਦੀਵਾਨ / ਮੁੱਖ ਮੰਤਰੀ ਨਿਯੁੱਕਤ ਕੀਤਾ ਗਿਆ।

ਪੰਜਾਬ ਵਿਚ ਅਮਨ ਚੈਨ ਜਿਹਾ ਮਾਹੌਲ ਮੁੜ ਬਣ ਗਿਆ ਅਤੇ ਜਿਹੜੇ ਸਿੱਖ ਹੋਰ ਇਲਾਕਿਆਂ ਵਿਚ ਚਲੇ ਗਏ ਸਨ, ਵਾਪਸ ਆਉਣੇ ਸ਼ੁਰੂ ਹੋ ਗਏ। ਲੋਕ ਸਰਕਾਰ ਦੀ ਬੇ-ਇਨਸਾਫ਼ੀ ਅਤੇ ਵਧੀਕੀਆ ਤੋਂ ਤੰਗ ਆ ਚੁੱਕੇ ਸਨ। ਭਾਈ ਮਨੀ ਸਿੰਘ ਜੀ ਸਭਨਾਂ ਨੂੰ ਸਿੰਘ ਸਜਣ ਲਈ ਪ੍ਰੇਰ ਰਹੇ ਸਨ। ਸਿੱਖਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਸੀ। ਉਹ ਵਿਸਾਖੀ ਵਰਗੇ ਤਿਓਹਾਰਾਂ ਤੇ ਅੰਮ੍ਰਿਤਸਰ ਵਿਚ ਇਕੱਠੇ ਹੋ ਸਕਦੇ ਸਨ।

ਅੰਮਿਤਸਰ ਦੇ ਨੇੜੇ ਤੇੜੇ ਵਸਦੇ ਪਿੰਡਾਂ ਦੇ ਲੀਡਰ ਸਿੱਖਾਂ ਦਾ ਅੰਮ੍ਰਿਤਸਰ ਵਿਚ ਇਕੱਠੇ ਹੋਣਾ ਪਸੰਦ ਨਹੀਂ ਕਰਦੇ ਸਨ। ਇਹਨਾਂ ਲੀਡਰਾਂ ਨਾਲ ਸਿੱਖ ਧੜਿਆਂ ਦੇ ਛੋਟੇ ਮੋਟੇ ਲੜਾਈ ਝਗੜੇ ਹੋਣੇ ਸ਼ੁਰੂ ਹੋ ਗਏ।

ਭਾਵੇਂ ਸਿੱਖਾਂ ਨੂੰ ਕਿਧਰੇ ਲੁਕ ਛਿਪ ਕੇ ਰਹਿਣ ਦੀ ਲੋੜ ਨਹੀਂ ਸੀ, ਫਿਰ ਵੀ ਉਹਨਾਂ ਵਿਰੁੱਧ ਕਈ ਤਰ੍ਹਾਂ ਦੀਆਂ ਵਧੀਕੀਆ, ਜ਼ੁਲਮ ਅਤੇ ਪੱਖਪਾਤ ਦਾ ਵਤੀਰਾ ਚਲਦਾ ਸੀ, ਖਾਸ ਕਰਕੇ ਸਰਕਾਰ ਵੱਲੋਂ ਅਤੇ ਪਿੰਡਾਂ/ਸ਼ਹਿਰਾਂ ਦੇ ਸਥਾਨਕ ਲੀਡਰਾਂ ਵੱਲੋਂ। ਉਹ ਅਕਸਰ ਸਿੱਖਾਂ ਨਾਲ ਦੁਰਵਿਹਾਰ ਕਰਦੇ ਅਤੇ ਸਰਕਾਰ ਵੱਲੋਂ ਕਿਸੇਤਰ੍ਹਾਂ ਵੀ ਮਦਦ ਨਾ ਹੋਣ ਕਰਕੇ ਸਿੱਖਾਂ ਲਈ ਹੋਰ ਕੋਈ ਚਾਰਾ ਨਹੀਂ ਸੀ। ਬੇਸ਼ੱਕ ਕਿਸੇ ਵੇਲੇ ਕੋਈ ਛੋਟਾ ਮੋਟਾ ਪੱਖਪਾਤ ਸਾਹਮਣੇ ਆਉਂਦਾ, ਪਰ ਹੋਰ ਕਿਸੇ ਵੇਲੇ ਤਾਂ ਸੱਚਮੁਚ ਹੀ ਹਿੰਸਾ ਤੱਕ ਗੱਲ ਵੱਧ ਜਾਂਦੀ। ਕਈ ਵਾਰ ਸਿਖਾਂ ਨੂੰ ਆਪਣੇ ਬਚਾਓ ਵਾਸਤੇ ਭਗੌੜੇ ਬਣਨਾ ਪੈਂਦਾ।

੧੭੨੬ ਵਿਚ ਸਿੱਖਾਂ ਨੇ ਸਰਕਾਰ ਵਿਰੁੱਧ ਫ਼ੈਸਲਾਕੁੰਨ ਕਦਮ ਚੁੱਕਣ ਦਾ ਫ਼ੈਸਲਾ ਕੀਤਾ। ਉਹਨਾਂ ਮਸੂਸ ਕੀਤਾ ਕਿ ਸਰਕਾਰ ਦੀਆਂ ਵਧੀਕੀਆਂ ਦਾ ਜਵਾਬ ਦੇਣਾ ਹੀ ਬਣਦਾ ਹੈ। ਦੀਵਾਨ ਦਰਬਾਰਾ ਸਿੰਘ ਨੇ ਸਿੰਘਾਂ ਨੂੰ ਅੰਮ੍ਰਿਤਸਰ ਵਿਚ ਇਕੱਠਾ ਕੀਤਾ ਅਤੇ ਤਿੰਨ ਮਤੇ ਪੇਸ਼ ਕੀਤੇ:

੧. ਸਰਕਾਰ ਦਾ ਕੋਈ ਵੀ ਖ਼ਜ਼ਾਨਾ ਰਸਤੇ ਵਿਚ ਹੀ ਲੁੱਟ ਲਿਆ ਜਾਵੇਗਾ।

੨. ਘੋੜੇ ਅਤੇ ਹਥਿਆਰ ਪ੍ਰਾਪਤ ਕਰਨ ਲਈ ਪੁਲੀਸ ਸਟੇਸ਼ਨਾਂ ਤੇ ਹਮਲੇ ਕੀਤੇ ਜਾਣਗੇ।

੩. ਸ਼ਰਕਾਰ ਦੇ ਮੁਖਬਰ ਅਤੇ ਸੂਹੀਏ ਖਤਮ ਕਰਨੇ ਹੋਣਗੇ।

ਸਿੱਖਾਂ ਨੇ ਇਹ ਮਤੇ ਪਾਸ ਕੀਤੇ ਕਿਉਂਕਿ ਸਰਕਾਰ ਉਹਨਾਂ ਨੂੰ ਬੇ-ਵਜਹ ਤੰਗ ਕਰਕੇ ਤਸੀਹੇ ਦੇ ਰਹੀ ਸੀ। ਉਹ ਬਰਾਬਰ ਤੇ ਲੜਨਾ ਚਾਹੁੰਦੇ ਸਨ ਅਤੇ ਇਸ ਲਈ ਉਹਨਾਂ ਨੂੰ ਜਥੇਬੰਦੀ ਅਤੇ ਸਾਧਨਾਂ ਦੀ ਲੋੜ ਸੀ। ਸਿੰਘਾਂ ਨੇ ਆਪਣੇ ਆਪ ਨੂੰ ਛੋਟੇ ਛੋਟੇ ਜਥਿਆਂ ਵਿਚ ਵੰਡ ਲਿਆ ਅਤੇ ਲਾਗਲੇ ਇਲਾਕਿਆਂ ਵਿਚ ਖਿੱਲਰ ਗਏ। ਉਹਨਾਂ ਨੇ ਸਿਰਫ਼ ਸਰਕਾਰੀ ਜਾਇਦਾਦਾਂ ਉਪਰ ਹੀ ਧਾਵੇ ਬੋਲਣ ਦਾ ਫ਼ੈਸਲਾ ਕੀਤਾ। ੧੭੨੬-੨੭ ਵਿਚ ਸਿੱਖਾਂ ਨੇ ਕਈ ਖਜਾਨੇ, ਘੋੜੇ ਅਤੇ ਹਥਿਆਰਾਂ ਦੇ ਕਾਫ਼ਲਿਆਂ ਨੂੰ ਰੋਕਿਆ ਜੋ ਕਿ ਸਰਕਾਰੀ ਖਜਾਨੇ ਲਈ ਲਿਜਾ ਰਹੇ ਸਨ। ਲਾਹੌਰ ਅਤੇ ਦਿੱਲੀ ਦੀਆਂ ਫ਼ੌਜਾਂ ਨੇ ਸਮੂਹ ਰੂਪ ਵਿਚ ਮਿਲਕੇ ਸਿੱਖਾਂ ਦੀ ਭਾਲ ਕਰਨੀ ਸ਼ੁਰੂ ਕੀਤੀ। ਖੈਰ, ਸਥਾਨਕ ਇਲਾਕਿਆਂ ਦੇ ਲੋਕ (ਫੌਜੀ ਅਫ਼ਸਰ ਅਤੇ ਪਿੰਡਾਂ ਦੇ ਲੀਡਰਾਂ ਨੂੰ ਛੱਡ ਕੇ) ਸਿੱਖਾਂ ਪ੍ਰਤੀ ਹਮਦਰਦੀ ਰਖਦੇ ਸਨ। ਉਹ ਉਹਨਾਂ ਨੂੰ ਫੌਜ ਦੇ ਆਉਣ ਦੀ ਅਗਾਊਂ ਖਬਰ ਦੇ ਕੇ ਉਹਨਾਂ ਦੀ ਮਦਦ ਅਤੇ ਰਖਿਆ ਕਰਦੇ।

ਸਿੱਖ ਕਿਸੇ ਤਰ੍ਹਾਂ ਵੀ ਕਿਸੇ ਸਧਾਰਨ ਬੰਦੇ ਕੋਲੋਂ ਕੋਈ ਪੈਸਾ ਜਾਂ ਸਮਾਨ ਨਹੀਂ ਖੋਂਹਦੇ ਸਨ। ਉਹ ਸਿਰਫ਼ ਸਰਕਾਰੀ ਖਜ਼ਾਨਿਆ ਉਪਰ ਹੀ ਧਾਵਾ ਬੋਲਦੇ ਸਨ। ੧੭੨੭ ਵਿਚ ਸਿੱਖਾਂ ਨੂੰ ਸ਼ਕ ਹੋਇਆ ਕਿ ਇਕ ਪਰਤਾਪ ਚੰਦ ਨਾਮੀ ਬੰਦਾ ਬਹੁਤ ਸਾਰਾ ਸਰਕਾਰੀ ਸਮਾਨ ਲੈ ਕੇ ਦਿੱਲੀ ਜਾ ਰਿਹਾ ਹੈ। ਸਿੰਘਾਂ ਨੇ ਪਰਤਾਪ ਚੰਦ ਤੇ ਹਮਲਾ ਕਰ ਦਿਤਾ। ਪਰ ਜਦ ਸਿੰਘਾਂ ਨੂੰ ਪਤਾ ਲੱਗਾ ਕਿ ਪਰਤਾਪ ਚੰਦ ਨੂੰ ਸਰਕਾਰ ਵੱਲੋਂ ਹਾਲੇ ਕੋਈ ਪੈਸਾ ਨਹੀਂ ਮਿਲਿਆ ਸੀ, ਤਾਂ ਸਿੰਘਾਂ ਨੇ ਉਸਦਾ ਸਾਰਾ ਸਮਾਨ ਵਾਪਸ ਕਰ ਦਿਤਾ। ੧੭੩੦ ਵਿਚ, ਹੈਬੁਤ ਖਾਨ, ਜੋ ਕਿ ਤਿੰਨ ਸਾਲ ਲਾਹੌਰ ਦਾ ਗਵਰਨਰ ਰਹ ਚੁੱਕਾ ਸੀ, ਵਾਪਸ ਦਿੱਲੀ ਜਾ ਰਿਹਾ ਸੀ। ਸਰਕਾਰੀ ਮਾਮਲੇ ਦੀ ਉਗਰਾਹੀ ਦੇ ਲੱਖਾਂ ਰੁਪੈ ਉਸਦੇ ਪਾਸ ਸਨ। ਨੂਰਦੀਨ ਸਰਾਏ ਦੇ ਪਾਸ ਸਿੱਖਾਂ ਨੇ ਉਹ ਸਾਰਾ ਧਨ ਉਸ ਪਾਸੋਂ ਖੋਹ ਲਿਆ।

ਸਿੰਘਾਂ ਵੱਲੋਂ ਲੁੱਟ ਮਾਰ ਕਰਨ ਤੋਂ ਬਚਣ ਲਈ ਲਾਹੌਰ ਦੇ ਗਵਰਨਰ ਜ਼ਕਰੀਆ ਖਾਨ ਨੇ ਫ਼ੌਜ ਦੀ ਗਸ਼ਤ ਵਧਾ ਦਿੱਤੀ। ਪਰ ਸਿੰਘ ਕਿਸੇ ਤਰ੍ਹਾਂ ਦੀ ਵੀ ਧਨ-ਰਾਸ਼ੀ ਨੂੰ ਲਾਹੌਰ ਖਜਾਨੇ ਵਿਚ ਪਹੁੰਚਣ ਤੋਂ ਲਗਾਤਾਰ ਰੋਕਦੇ ਰਹੇ। ਆਖਰਕਾਰ, ਜ਼ਕਰੀਆ ਖਾਨ ਸਿੱਖਾਂ ਦੀ ਲੁੱਟ ਮਾਰ ਤੋਂ ਤੰਗ ਆ ਗਿਆ ਅਤੇ ਫ਼ੈਸਲਾ ਕੀਤਾ ਕਿ ਸਿੱਖਾਂ ਨਾਲ ਸਿਆਸੀ ਰੂਪ ਵਿਚ ਚੰਗੇ ਸਬੰਧ ਬਣਾਉਣਾ ਬੇਹਤਰ ਹੋਵੇਗਾ। ਉਸਨੇ ਸਿੱਖਾਂ ਨੂੰ ਵੱਡੀ ਜ਼ਮੀਨੀ ਜਗੀਰ ਦੇਣ ਲਈ ਬਾਦਸ਼ਾਹ ਨੂੰ ਕਿਹਾ। ਇਹ ਉਹਨਾਂ ਦੀ ਕਮਾਈ ਦਾ ਸਾਧਨ ਹੋਵੇਗੀ।

ਵੈਸਾਖੀ ੧੭੩੩ ਨੂੰ ਅੰਮ੍ਰਿਤਸਰ ਵਿਚ ਸਰਬੱਤ ਖਾਲਸਾ ਦਾ ਇਕੱਠ ਹੋਇਆ। ਜ਼ਕਰੀਆ ਖਾਨ ਨੇ ਸੁਬੇਗ ਸਿੰਘ ਰਾਹੀਂ ਅਮਨ-ਸ਼ਾਂਤੀ ਦਾ ਸੁਨੇਹਾ ਭੇਜਿਆ: "ਦਿੱਲੀ ਅਤੇ ਲਾਹੌਰ ਦੀਆਂ ਸਰਕਾਰਾਂ ਸਿੰਘਾਂ ਨਾਲ ਅਮਨ-ਚੈਨ ਦਾ ਸਮਝੌਤਾ ਕਰਦੀਆ ਹਨ ਅਤੇ ਇਹ ਸਹੂਲਤਾਂ ਪਰਦਾਨ ਕਰਦੀਆਂ ਹਨ:

੧.  ਖਾਲਸਾ ਦੇ ਗੁਜ਼ਰ-ਗੁਜ਼ਰਾਨ ਵਾਸਤੇ ੧੦੦, ੦੦੦/- ਰੁਪੈ ਦੀ ਜਗੀਰ।
੨.  ਖਾਲਸੇ ਨੂੰ ਨਵਾਬ ਦੀ ਉਪਾਧੀ।
੩.  ਗੁਰਦਵਾਰਿਆਂ ਦੀ ਸਾਂਭ-ਸੰਭਾਲ ਲਈ ਖਾਲਸਾ ਸੰਪੂਰਨ ਰੂਪ ਵਿਚ ਆਜ਼ਾਦ ਹੋਵੇਗਾ।

ਪਹਿਲਾਂ ਤਾਂ ਸਿੰਘ ਨਵਾਬੀ ਦਾ ਖਿਤਾਬ ਨਹੀਂ ਲੈਣਾ ਚਾਹੁੰਦੇ ਸਨ। ਪਰ ਸੁਬੇਗ ਸਿੰਘ ਨੇ ਦਲੀਲ ਦਿੱਤੀ ਕਿ ਸਰਕਾਰ ਨਾਲ ਅਮਨ-ਚੈਨ ਰੱਖਣ ਨਾਲ ਖਾਲਸਾ ਵਧੇਰੇ ਵੱਧ ਫੁੱਲ ਸਕਦਾ ਹੈ। ਸੋ ਖਾਲਸਾ 'ਨਵਾਬ' ਦਾ ਖਿਤਾਬ ਲੈਣ ਲਈ ਮੰਨ ਗਿਆ। ਦੀਵਾਨ ਦਰਬਾਰਾ ਸਿੰਘ ਨੇ ਅਪਨੀ ਵਧੇਰੇ ਉਮਰ ਕਾਰਨ ਇਹ ਮਾਣ ਪ੍ਰਾਪਤ ਕਰਨ ਤੋਂ ਇਨਕਾਰ ਕਰ ਦਿਤਾ। ਉਹ ਜੁਲਾਈ ੧੭੩੪ ਵਿਚ ਮੌਤ ਹੋਣ ਤੱਕ ਹਰ ਦੁੱਖ ਸੁੱਖ ਵੇਲੇ ਖਾਲਸੇ ਦੀ ਮਦਦ ਕਰਦਾ ਰਿਹਾ।ਭਾਈ ਕਪੂਰ ਸਿੰਘ ਨੂੰ ਨਵਾਬ ਦੇ ਖਿਤਾਬ ਲਈ ਚੁਣਿਆ ਗਿਆ; ਉਸਨੇ ਨਾ ਚਾਹੁੰਦਿਆਂ ਹੋਇਆਂ ਵੀ ਇਸ ਖਿਤਾਬ ਨੂੰ ਮੰਨਜ਼ੂਰ ਕਰ ਲਿਆ।

*****************

# ੨. ਨਵਾਬ ਕਪੂਰ ਸਿੰਘ

ਕਪੂਰ ਸਿੰਘ ਦਾ ਜਨਮ ਜ਼ਿਲਾ ਸ਼ੇਖੂਪੁਰਾ ਦੇ ਪਿੰਡ ਕਾਲੋਕੇ ਵਿਚ ੧੬੯੭ ਈਸਵੀ ਵਿਚ ਹੋਇਆ। ਚੌਧਰੀ ਦਲੀਪ ਸਿੰਘ ਵਿਰਕ ਆਪ ਜੀ ਦੇ ਪਿਤਾ ਜੀ ਸਨ। ਬਚਪਨ ਵਿਚ ਆਪ ਜੀ ਨੇ ਆਪਣੀ ਮਾਤਾ ਜੀ ਪਾਸੋਂ ਗੁਰਬਾਣੀ ਸਿੱਖੀ, ਅਤੇ ਮਾਤਾ ਜੀ ਨੇ ਆਪ ਜੀ ਨੂੰ ਗੁਰੂਆ ਦੀਆਂ ਬਹੁਤ ਸਾਰੀਆਂ ਸਾਖੀਆ ਸੁਨਾਈਆਂ। ਆਪ ਜੀ ਦੇ ਪਿਤਾ ਜੀ ਚੰਗੇ ਘੋੜੇ ਪਾਲਣ ਦੇ ਸ਼ੌਕੀਨ ਸਨ। ਇਸਤਰ੍ਹਾਂ ਕਪੂਰ ਸਿੰਘ ਨੇ ਅਸਾਨੀ ਨਾਲ ਆਪਣੇ ਹੀ ਘਰ ਵਿਚ ਘੋੜ ਸਵਾਰੀ, ਬਰਸ਼ਾ ਅਤੇ ਹੋਰ ਹਥਿਆਰਾਂ ਦੀ ਵਰਤੋਂ ਸਿੱਖ ਲਈ। ਅੰਮ੍ਰਿਤਸਰ ਵਿਚ ੧੭੨੧ ਦੀ ਵਿਸਾਖੀ ਵੇਲੇ ਆਪ ਜੀ ਨੇ ਭਾਈ ਮਨੀ ਸਿੰਘ ਜੀ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ੧੭੨੬ ਵਿੱਚ, ਕਪੂਰ ਸਿੰਖ ਦੀਵਾਨ ਦਰਬਾਰਾ ਸਿੰਘ ਦੇ ਜਥੇ ਵਿਚ ਸ਼ਾਮਲ ਹੋ ਗਏ।

੧੭੨੬ ਵਿਚ ਜ਼ਕਰੀਆ ਖਾਨ ਲਾਹੌਰ ਦਾ ਗਵਰਨਰ ਬਣ ਗਿਆ। ਉਸਨੇ ਆਪਣੇ ਇਲਾਕੇ ਵਿਚ ਸਿੱਖਾਂ ਤੋਂ ਛੁਟਕਾਰਾ ਪਾਉਣਾ ਆਪਣਾ ਮਿਸ਼ਨ ਬਣਾ ਲਿਆ। ਉਸਨੇ ਹੁਕਮ ਜਾਰੀ ਕੀਤਾ ਕਿ ਜੇਹੜਾ ਵੀ ਸਿੱਖ ਦਿੱਸੇ, ਉਸਨੂੰ ਕਤਲ ਕਰ ਦਿੱਤਾ ਜਾਵੇ। ਹਰ ਇੱਕ ਸਿੱਖ ਦਾ ਸਿਰ ਕਟ ਕੇ ਲਿਆਉਣ ਵਾਲੇ ਨੂੰ ਪੰਜਾਹ ਰੁਪੈ ਦੇਣ ਦਾ ਐਲਾਨ ਕੀਤਾ। ਅਜਿਹੀਆਂ ਬੇਰਹਿਮ ਅਤੇ ਜ਼ੁਲਮੀ ਕਾਰਵਾਈਆਂ ਨੇ ਸਿੱਖਾਂ ਨੂੰ ਹੋਰ ਵੀ ਦ੍ਰਿੜ ਕੀਤਾ ਕਿ ਸਰਕਾਰੀ ਕਰਿੰਦਿਆਂ ਦਾ ਕਤਲ ਕੀਤਾ ਜਾਵੇ, ਖਜ਼ਾਨਾ ਅਤੇ ਅਸਲੇ ਨੂੰ ਰਸਤੇ ਵਿੱਚ ਹੀ ਹਥਿਆ ਲਿਆ ਜਾਵੇ। ਬੜੀ ਛੇਤੀ ਹੀ ਜ਼ਕਰੀਆ ਖਾਨ ਸਮਝ ਗਿਆ ਕਿ ਸਾਰੇ ਸਿੱਖਾਂ ਨੂੰ ਮਾਰਨ ਦਾ ਉਸਦਾ ਮੰਤਵ ਪੂਰਾ ਨਹੀਂ ਹੋਵੇਗਾ। ਉਸਨੇ ਇਕ ਹੋਰ ਢੰਗ ਸੋਚਿਆ। ਉਹ ਸਿੱਖਾਂ ਨੂੰ ਜ਼ਮੀਨੀ ਜਗੀਰਾਂ ਦੇ ਕੇ ਅਮਨ ਸ਼ਾਂਤੀ ਦੀ ਬਹਾਲੀ ਕਰੇਗਾ। ਸਿੱਖ ਮੰਨ ਗਏ। ਕਪੂਰ ਸਿੰਘ ਨੂੰ ਸਰਬ-ਸੰਮਤੀ ਨਾਲ ਨਵਾਬ ਬਨਾਇਆ ਗਿਆ। ਕਪੂਰ ਸਿੰਘ ਬਹੁਤ ਸਮਝਦਾਰ ਇਨਸਾਨ ਸੀ। ਸਿੱਖਾਂ ਦਾ ਯੋਗ ਪ੍ਰਬੰਧ ਕਰਕੇ ਉਸਨੇ ਇਸ ਸਮਝੌਤੇ ਦਾ ਪੂਰਾ ਫ਼ਾਇਦਾ ਉਠਾਇਆ।

ਕਪੂਰ ਸਿੰਘ ਨੇ ਉਹਨਾਂ ਸਾਰਿਆਂ ਸਿੱਖਾਂ ਨੂੰ ਸੁਨੇਹੇ ਭੇਜੇ ਜਿਹੜੇ ਸਰਕਾਰੀ ਜ਼ੁਲਮਾਂ ਤੋਂ ਬਚਣ ਲਈ ਜੰਗਲਾਂ, ਬੇਲਿਆ, ਪਹਾੜੀ ਥਾਵਾਂ ਜਾਂ ਦਰਿਆਵਾਂ ਦੇ ਕੰਢਿਆ ਤੇ ਲੁਕੇ ਬੈਠੇ ਸਨ। ਸਿੰਘ ਵੱਡੀ ਗਿਣਤੀ ਵਿਚ ਵਾਪਸ ਪਹੁੰਚੇ। ਕਪੂਰ ਸਿੰਘ ਨੇ ਸਿੰਘਾਂ ਨੂੰ ਦੋ ਹਿਸਿਆਂ ਵਿਚ ਵੰਡਿਆ - ਬੁੱਢਾ ਦਲ ਅਤੇ ਤਰੁਨਾ ਦਲ। ਬੁੱਢਾ ਦਲ ਵਿਚ ਚਾਲੀ ਸਾਲਾਂ ਤੋਂ ਉੱਪਰ ਦੇ ਸਿੰਘ ਸਨ, ਜਿਹਨਾਂ ਨੂੰ ਗੁਰਦਵਾਰਿਆ ਦੇ ਪ੍ਰਬੰਧ ਕਰਨ ਅਤੇ ਸਿੱਖੀ ਦਾ ਪ੍ਰਚਾਰ ਕਰਨ ਦੀ ਜ਼ਿੰਮੇਦਾਰੀ ਸੌਂਪੀ ਗਈ। ਤਰੁਨਾ ਦਲ ਵਿਚ ਚਾਲੀ ਸਾਲਾਂ ਤੋਂ ਘੱਟ ਵਾਲੇ ਸਿੰਘਾਂ ਨੂੰ ਰਖਿਆ ਗਿਆ, ਜਿਹਨਾਂ ਦੀ ਜਿੰਮੇਵਾਰੀ ਸੀ: ਦੁਖੀਆਂ ਦੀ ਸੇਵਾ ਕਰਨਾ, ਸਿੱਖਾਂ ਉੱਪਰ ਹਮਲਾ ਕਰਨ ਵਾਲੇ ਦੁਸ਼ਮਨਾਂ ਨਾਲ ਲੜਨਾ ਅਤੇ ਦੇਸ਼ ਵਿਚ ਖਾਲਸਾ ਸਰਕਾਰ ਕਾਇਮ ਕਰਨਾ। ਲੜਾਈ, ਜ਼ਰੂਰਤ ਜਾਂ ਔਖਿਆਈ ਸਮੇਂ ਬੁੱਢਾ ਦਲ ਵਲੋਂ ਤਰੁਨਾ ਦਲ ਦੀ ਮਦਦ ਕਰਨਾ ਵੀ ਜ਼ਰੂਰੀ ਕੀਤਾ ਗਿਆ।

ਅਮਨ-ਸ਼ਾਂਤੀ ਦੀ ਸੰਧੀ ਨਾਲ ਜ਼ਮੀਨੀ ਜਾਇਦਾਦਾਂ ਕਾਇਮ ਹੋਈਆ। ਇਸ ਨਾਲ ਖਾਲਸਾ ਨੂੰ ਕੁੱਝ ਆਮਦਨੀ ਮਿਲਨ ਲੱਗੀ। ਕਈ ਨੌਂ-ਜੁਆਨਾਂ ਨੇ ਅੰਮ੍ਰਿਤ ਲਈ ਖੰਡੇ ਦੀ ਪਾਹੁਲ ਛਕੀ ਅਤੇ ਅਤੇ ਸਿੰਘ ਸਜੇ। ਥੋੜ੍ਹੇ ਹੀ ਸਮੇਂ ਵਿਚ ਤਰੁਨਾ ਦਲ ਦੀ ਗਿਣਤੀ ਵਿਚ ਭਰਪੂਰ ਵਾਧਾ ਹੋਇਆ। ਕਪੂਰ ਸਿੰਘ ਨੇ ਤਰੁਨਾ ਦਲ ਨੂੰ ਪੰਜ ਜਥਿਆਂ ਵਿਚ ਵੰਡ ਦਿਤਾ।

ਵੱਖ ਵੱਖ ਦਲਾਂ ਵਿਚ ਸਿੰਘਾਂ ਦੀ ਗਿਣਤੀ ਵੱਧਣ ਕਾਰਨ ਸਿੰਘਾਂ ਦੇ ਰੱਖ-ਰਖਾਵ ਲਈ ਜ਼ਮੀਨੀ ਆਮਦਨ ਘਟ ਲਗਦੀ ਸੀ। ਇਸ ਲੋੜ-ਪੂਰਤੀ ਲਈ, ਤਰੁਨਾ ਦਲ ਦੇ ਜਥਿਆਂ ਨੇ ਪੰਜਾਬ ਤੋਂ ਬਾਹਰਲੇ ਇਲਾਕਿਆਂ ਤੇ ਜਿਵੇਂ ਹਿਸਾਰ, ਹਾਂਸੀ ਅਤੇ ਦਿੱਲੀ ਤੱਕ ਹੱਲੇ ਬੋਲਣੇ ਸ਼ੁਰੂ ਕੀਤੇ। ਦਿੱਲੀ ਸਰਕਾਰ ਨੇ ਸਿੱਖਾਂ ਵੱਲੋਂ ਦੇਸ਼ ਵਿਚ ਕੀਤੀ ਜਾਂਦੀ ਇਸ ਲੁੱਟ-ਮਾਰ ਲਈ ਜ਼ਕਰੀਆ ਖਾਨ ਨੂੰ ਜ਼ਿੰਮੇਵਾਰ ਠਹਿਰਾਇਆ ਕਿਉਂਕਿ ਸਿੱਖਾਂ ਨੇ ਦਿੱਲੀ ਵਿਚ ਕੋਈ ਡਾਕਾ ਨਹੀਂ ਸੀ ਮਾਰਿਆ। ਦਿੱਲੀ ਸਰਕਾਰ ਨੇ ਇਸ ਲਈ ਜ਼ਕਰੀਆ ਖਾਨ ਨੂੰ ਝਿੜਕਿਆ। ੧੭੩੫ ਵਿਚ ਜ਼ਕਰੀਆ ਖਾਨ ਨੇ ਉਹ ਸਾਰੀਆਂ ਜਾਇਦਾਦਾਂ, ਜੋ ਸਿੰਘਾਂ ਨੂੰ ਦਿੱਤੀਆਂ ਸਨ, ਵਾਪਸ ਲੈ ਲਈਆਂ।

ਜਾਇਦਾਦਾਂ ਨੂੰ ਜ਼ਬਤ ਕਰ ਲੈਣ ਤੋਂ ਬਾਅਦ, ਜ਼ਕਰੀਆ ਖਾਨ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਸਤਿਕਾਰਯੋਗ ਹੈੱਡ ਗ੍ਰੰਥੀ ਭਾਈ ਮਨੀ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਭਾਈ ਮਨੀ ਸਿੰਘ ਜੀ ਦੇ ਬੰਦ ਬੰਦ ਕੱਟ ਕੇ ਸਹੀਦ ਕਰ ਦਿੱਤਾ ਅਤੇ ਹਰਿਮੰਦਰ ਸਾਹਿਬ ਦੇ ਸਰੋਵਰ ਨੂੰ ਮੁਰਦਾ ਡੰਗਰਾਂ ਦੀਆਂ ਲਾਸ਼ਾਂ ਨਾਲ ਪੂਰ ਦਿੱਤਾ। ਹਰਿਮੰਦਰ ਸਾਹਿਬ ਨੂੰ ਅੱਗ ਵੀ ਲਗਾ ਦਿੱਤੀ ਗਈ। ਸਿੱਖਾਂ ਨੂੰ ਤਸੀਹੇ ਦੇ ਕੇ ਅਤੇ ਉਹਨਾਂ ਦੇ ਧਾਰਮਿਕ ਸਥਾਨਾਂ ਨੂੰ ਤਬਾਹ ਕਰਕੇ ਜ਼ਕਰੀਆ ਖਾਨ ਸੋਚਦਾ ਸੀ ਕਿ ਉਹ ਸਿੱਖਾਂ ਨੂੰ ਖਤਮ ਕਰ ਲਏਗਾ। ਪਰ, ਇਸਦੇ ਉਲਟ, ਜ਼ੁਲਮੀ ਮੁਗ਼ਲਾਂ ਨਾਲ ਟੱਕਰ ਲੈਣ ਲਈ ਸਿੱਖ ਹੋਰ ਵੀ ਦ੍ਰਿੜ ਹੋ ਗਏ।

੧੭੩੯ ਵਿਚ ਸਿੱਖਾਂ ਨੂੰ ਇਕ ਅਣਜਾਣੀ ਥਾਂ ਤੋਂ ਸਹਾਇਤਾ ਪ੍ਰਾਪਤ ਹੋਈ। ਨਾਦਰ ਸ਼ਾਹ ਪਰਸ਼ੀਆ ਤੋਂ ਆਇਆ ਅਤੇ ਭਾਰਤ ਤੇ ਹਮਲਾ ਕਰ ਦਿੱਤਾ। ਉਸਦਾ ਮੁੱਖ ਮੰਤਵ ਭਾਰਤ ਦੇ ਲੋਕਾਂ ਨੂੰ ਲੁੱਟਣਾ ਸੀ ਅਤੇ ਸਾਰੀ ਲੁੱਟ-ਮਾਰ ਨਾਲ ਲੈ ਕੇ ਵਾਪਸ ਮੁੜ ਜਾਣਾ ਸੀ। ਨਾਦਰ ਸ਼ਾਹ ਦੀ ਬਦਕਿਸਮਤੀ ਵਜੋਂ, ਉਸਦਾ ਲੰਘਣ ਲਈ ਰਸਤਾ ਪੰਜਾਬ ਵਿੱਚੋਂ ਦੀ ਪੈਂਦਾ ਸੀ। ਉਸਦੇ ਵਾਪਸ ਜਾਣ ਵੇਲੇ, ਸਿੰਘਾਂ ਨੇ ਨਾਦਰ ਸ਼ਾਹ ਦੇ ਲੁਟ ਮਾਰ ਦਾ ਮਾਲ ਲਿਜਾ ਰਹੇ ਕਾਫ਼ਲੇ ਤੇ ਹਮਲਾ ਕਰ ਦਿੱਤਾ। ਸਿੱਖਾਂ ਦੀ ਯੋਜਨਾ ਅਨੁਸਾਰ ਉਹ ਗੁਰੀਲਾ ਤੌਰ ਤੇ ਕਾਫ਼ਲੇ ਉੱਪਰ ਪਿਛੋਂ ਹਮਲਾ ਕਰਦੇ ਸਨ ਅਤੇ ਕਾਮਯਾਬ ਹੁੰਦੇ ਸਨ। ਸਿੱਖਾਂ ਦੀ ਇਸ ਹੌਸਲਾਕੁੰਨ ਬਹਾਦਰੀ ਨੂੰ ਦੇਖ ਕੇ ਨਾਦਰ ਸ਼ਾਹ ਬਹੁਤ ਹੈਰਾਨ ਹੋਇਆ ਅਤੇ ਪ੍ਰਭਾਵਤ ਵੀ ਹੋਇਆ। ਖੈਰ, ਉਹ ਸਿੱਖਾਂ ਬਾਰੇ ਪੂਰੀ ਤਰ੍ਹਾਂ ਨਹੀਂ ਜਾਣਦਾ ਸੀ। ਉਸਨੇ ਜ਼ਕਰੀਆ ਖਾਨ ਨੂੰ ਪੁੱਛਿਆ ਕਿ ਇਹ ਕੌਣ ਲੋਕ ਹਨ ਅਤੇ ਇਹ ਕਿੱਥੇ ਰਹਿੰਦੇ ਹਨ। ਜ਼ਕਰੀਆ ਖਾਨ ਨੇ ਸਧਾਰਨ ਜਿਹਾ ਜਵਾਬ ਦੇ ਦਿੱਤਾ। ਉਸਨੇ ਕਿਹਾ: 'ਇਹਨਾਂ ਲੋਕਾਂ ਦਾ ਕੋਈ ਘਰ ਨਹੀਂ। ਇਹ ਘੋੜਿਆਂ ਦੀਆਂ ਕਾਠੀਆ ਉੱਪਰ ਰਹਿੰਦੇ ਹਨ ਅਤੇ ਸਾਲ ਵਿਚ ਦੋ ਵਾਰ ਹਰਿਮੰਦਰ ਸਾਹਿਬ ਸਰੋਵਰ ਵਿਚ ਇਸ਼ਨਾਨ ਕਰਨ ਲਈ ਆਉਂਦੇ

ਹਨ ਅਤੇ ਫਿਰ ਅਲੋਪ ਹੋ ਜਾਂਦੇ ਹਨ। ਨਾਦਰ ਸ਼ਾਹ ਨੇ ਜ਼ਕਰੀਆ ਖਾਨ ਨੂੰ ਇਹਨਾ ਤੋਂ ਚੌਕਸ ਰਹਿਣ ਦੀ ਤਾੜਨਾ ਕੀਤੀ ਕਿ ਇਹ ਲੋਕ ਇਕ ਦਿਨ ਪੰਜਾਬ ਦੇ ਹੁਕਮਰਾਨ ਬਣ ਸਕਦੇ ਹਨ।

ਨਾਦਰ ਸ਼ਾਹ ਦੀ ਚਿਤਾਵਨੀ ਨੇ ਜ਼ਾਕਰ ਖਾਂ ਨੂੰ ਕ੍ਰੋਧਿਤ ਕਰ ਦਿੱਤਾ। ਉਸਨੇ ਸਿੱਖਾਂ ਨੂੰ ਸਬਕ ਸਿਖਾਉਣ ਦਾ ਨਿਸਚਾ ਕੀਤਾ। ਉਸਨੇ ਅੰਮ੍ਰਿਤਸਰ ਦੇ ਆਸ ਪਾਸ ਦੇ ਇਲਾਕਿਆਂ ਦੇ ਜਗੀਰਦਾਰ ਮੱਸਾ ਰੰਗੜ ਨੂੰ ਉਕਸਾਇਆ ਕਿ ਉਹ ਆਪਣੀ ਨਿੱਜੀ ਵਰਤੋਂ ਲਈ ਹਰਿਮੰਦਰ ਸਾਹਿਬ ਤੇ ਕਬਜ਼ਾ ਕਰ ਲਵੇ। ਮੱਸਾ ਰੰਗੜ ਨੇ ਹਰਿਮੰਦਰ ਸਾਹਿਬ ਦੀ ਪਰਕਰਮਾ ਵਿਚਲੇ ਕਮਰੇ ਘੋੜਿਆਂ ਦੇ ਅਸਤਬਲ ਅਤੇ ਸਟੋਰਾਂ ਵਜੋਂ ਵਰਤਣੇ ਸ਼ੁਰੂ ਕਰ ਦਿੱਤੇ। ਹਰਿਮੰਦਰ ਸਾਹਿਬ ਦਾ ਅੰਦਰਲਾ ਹਿੱਸਾ ਉਸਨੇ ਨਿੱਜੀ ਵਰਤੋਂ ਲਈ ਬਦਲ ਲਿਆ। ਉਥੇ ਉਹ ਨੱਚਣ ਵਾਲੀਆ ਕੁੜੀਆਂ ਨਚਾਉਂਦਾ ਅਤੇ ਬੈਠ ਕੇ ਸ਼ਰਾਬਾਂ ਪੀਂਦਾ। ਇਕ ਸ਼ਾਮ ਨੂੰ, ਦੋ ਸਿੱਖ, ਮਹਿਤਾਬ ਸਿੰਘ ਅਤੇ ਸੁੱਖਾ ਸਿੰਘ, ਰਾਜਸਥਾਨ ਤੋਂ ਪਵਿੱਤਰ ਹਰਿਮੰਦਰ ਸਾਹਿਬ ਵਿਰੁੱਧ ਹੋ ਰਹੀਆਂ ਇਹਨਾਂ ਕੁਰੀਤੀਆਂ ਅਤੇ ਬੇਅਦਬੀ ਨੂੰ ਰੋਕਣ ਲਈ ਆਏ। ਉਹਨਾਂ ਵਿਚੋਂ ਇਕ ਸਿੱਖ ਬਾਹਰ ਰਖਵਾਲੀ ਲਈ ਖੜਾ ਰਿਹਾ। ਦੂਜੇ ਨੇ ਅੰਦਰ ਜਾ ਕੇ ਮੱਸਾ ਰੰਗੜ ਦਾ ਸਿਰ ਕਤਲ ਕਰ ਦਿਤਾ ਅਤੇ ਸਿਰ ਨਾਲ ਲੈ ਗਿਆ। ਨਵਾਬ ਕਪੂਰ ਸਿੰਘ ਨੇ ਤਾਂ ਇਕ ਵਾਰ ਜ਼ਕਰੀਆ ਖਾਨ ਨੂੰ ਇਕ ਮਸਜਦ ਦੇ ਅੰਦਰੋਂ ਕਾਬੂ ਕਰਨ ਦੀ ਕੋਸ਼ਸ਼ ਕੀਤੀ ਸੀ ਜੋ ਕਿ ਇਹਨਾਂ ਬੇਅਦਬੀ ਭਰੀਆਂ ਕੁਰੀਤੀਆ ਲਈ ਜ਼ਿੰਮਾਵਾਰ ਸੀ। ਇਸ ਮੰਤਵ ਲਈ ਲਾਹੌਰ ਵਿਚ ਯੋਜਨਾਬੱਧ ਰੂਪ ਵਿਚ ਇਕ ਮਸਜਦ ਦੁਆਲੇ ਹੌਂਸਲਾਕੁੰਨ ਹੱਲਾ ਬੋਲਿਆ ਗਿਆ। ਬਦਕਿਸਮਤੀ ਨੂੰ, ਜ਼ਕਰੀਆ ਖਾਨ ਉਸ ਦਿਨ ਮਸਜਦ ਵਿਚ ਆਉਣੋਂ ਉੱਕ ਗਿਆ ਅਤੇ ਪਕੜੇ ਜਾਣ ਤੋਂ ਬਚ ਗਿਆ।

ਬਹਾਦਰੀ ਦੇ ਅਜਿਹੇ ਸਮੂਹਕ ਕਾਰਨਾਮਿਆਂ ਦੇ ਨਾਲ, ਜੁਝਾਰੂ ਬਹਾਦੁਰ ਸਿੱਖਾਂ ਦੇ ਆਪਣੀ ਸਵੈ-ਮਾਣਤਾ ਹਿੱਤ ਕਾਰਨਾਮੇ ਕਰਨ ਦੀਆ ਮਿਸਾਲਾਂ ਮਿਲਦੀਆਂ ਸਨ। ਬਾਬਾ ਬੋਤਾ ਸਿੰਘ ਵੱਲੋਂ ਕਾਇਮ ਕੀਤੀ ਮਿਸਾਲ ਵਰਣਨਯੋਗ ਹੈ। ਬੋਤਾ ਸਿੰਘ ਨੇ ਇਕ ਬਹੁਤ ਚਲੰਤ ਸੜਕ ਤੇ ਚੈੱਕ ਪੋਸਟ ਲਗਾ ਦਿੱਤੀ ਅਤੇ ਸਿੱਖਾਂ ਦੇ ਨਾਮ ਤੇ ਟੈਕਸ ਇਕੱਠਾ ਕਰਨਾਂ ਸ਼ੁਰੂ ਕਰ ਦਿੱਤਾ। ਉਸਨੇ ਇਕ ਲਾਠੀ ਪਕੜ ਕੇ ਇਹ ਟੈਕਸ ਵਸੂਲ ਕੀਤਾ। ਲੋਕਾਂ ਨੇ ਲਾਹੌਰ ਸਰਕਾਰ ਨੂੰ ਸ਼ਿਕਾਇਤ ਕੀਤੀ। ਸਰਕਾਰੀ ਹਕੂਮਤ ਨੇ ਇਸ ਹਾਲਤ ਨਾਲ ਨਜਿੱਠਣ ਲਈ ਸਿਪਾਹੀ ਭੇਜੇ। ਬੋਤਾ ਸਿੰਘ ਅਤੇ ਗਰਜਾ ਸਿੰਘ ਨੇ ਬੜੀ ਜ਼ੋਰਦਾਰ ਲੜਾਈ ਲੜੀ, ਪਰ ਆਖਰਕਾਰ ਸੰਪੂਰਨ ਮਾਣ-ਸਨਮਾਨ ਨਾਲ ਜ਼ਿੰਦਗੀਆਂ ਕੁਰਬਾਨ ਕਰ ਦਿਤੀਆ।

੧੭੪੫ ਵਿਚ ਜ਼ਕਰੀਆ ਖਾਨ ਦੀ ਮੌਤ ਹੋ ਗਈ। ਉਸਦਾ ਦੂਸਰਾ ਪੁੱਤਰ ਸ਼ਾਹ ਨਵਾਜ਼ ਖਾਨ ਲਾਹੌਰ ਦਾ ਗਵਰਨਰ ਬਣਿਆ। ਉਸਨੇ ਸਿੱਖਾਂ ਵਿਰੁੱਧ ਤਸੀਹੇ ਹੋਰ ਕਰੜੇ ਕਰ ਦਿੱਤੇ। ੧੭੪੬ ਵਿਚ ਸਿੱਖਾਂ ਨਾਲ ਪਹਿਲਾ ਘੱਲੂਘਾਰਾ ਵਾਪਰਿਆ। ਇਸ ਲੜਾਈ ਵਿਚ ੧੭,੦੦੦ ਸਿੱਖ ਸ਼ਹੀਦ ਹੋ ਗਏ। ੩੦੦੦ ਸਿੱਖਾਂ ਨੂੰ ਬੰਦੀ ਬਣਾ ਲਿਆ ਗਿਆ ਅਤੇ ਸ਼ਰੇਆਮ ਕਤਲ ਕਰ ਦਿੱਤਾ ਗਿਆ। ਸ਼ਾਹ ਨਵਾਜ਼ ਖਾਨ ਦੇ ਉਤਰਧਿਕਾਰੀ ਮੀਰ ਮੰਨੂੰ ਨੇ ਸਿੱਖਾਂ ਨੂੰ, ਔਰਤਾਂ ਨੂੰ ਅਤੇ ਬੱਚਿਆਂ ਨੂੰ ਹੋਰ ਵੀ ਗੰਭੀਰ ਤਸੀਹੇ ਦਿੱਤੇ।

੧੭੪੭ ਵਿਚ ਅਹਿਮਦ ਸ਼ਾਹ ਅਬਦਾਲੀ ਨੇ ਨਾਦਰ ਸ਼ਾਹ ਦਾ ਕਤਲ ਕਰ ਦਿੱਤਾ ਅਤੇ ਆਪਣੇ ਆਪ ਨੂੰ ਅਫ਼ਗਾਨਿਸਤਾਨ ਦਾ ਹੁਕਮਰਾਨ ਘੋਸ਼ਤ ਕਰ ਦਿੱਤਾ। ੧੭੪੮ ਤੋਂ ੧੭੬੮ ਤੱਕ ਅਬਦਾਲੀ ਨੇ ਭਾਰਤ ਉੱਪਰ ਅੱਠ ਵਾਰੀ ਹਮਲੇ ਕੀਤੇ। ਫਰਵਰੀ ੧੭੪੮ ਵਿਚ, ਅਬਦਾਲੀ ਨੇ ਲਾਹੌਰ ਦੇ ਮੁਗ਼ਲ ਵਾਇਸਰਾਇ ਨੂੰ ਹਰਾਇਆ ਅਤੇ ਲਾਹੌਰ ਨੂੰ ਅਫ਼ਗਾਨਿਸਤਾਨ ਵਿਚ ਰਲਾ ਲਿਆ। ਇਸਤਰ੍ਹਾ ਉਸਨੇ ਮੁਗਲਾਂ ਦੀ ਮਹਾਨਤਾ ਨੂੰ ਤਬਾਹ ਕਰ ਦਿੱਤਾ। ਇਸ ਨਾਲ ਨਵਾਬ ਕਪੂਰ ਸਿੰਘ ਨੇ ਮੁਗਲਾਂ ਨਾਲ ਹੋਰ ਵਧੇਰੇ ਦ੍ਰਿੜਤਾ ਨਾਲ ਮੁਕਾਬਿਲਾ ਕੀਤਾ। ਸਿੱਖਾਂ ਨੇ ਪੰਜਾਬ ਦਾ ਬਹੁਤਾ ਹਿੱਸਾ ਆਪਣੇ ਕਬਜ਼ੇ ਹੇਠ ਕਰ ਲਿਆ।

ਇਸਤਰ੍ਹਾਂ ੨੭ ਸਾਲ ਖਾਲਸਾ ਕੌਮ ਦੀ ਅਗਵਾਈ ਕਰਦਿਆਂ, ਨਵਾਬ ਕਪੂਰ ਸਿੰਘ ੭ ਅਕਤੂਬਰ ੧੭੫੩ ਨੂੰ ਇਸ ਨਾਸਮੰਦ ਦੁਨੀਆਂ ਤੋਂ ਪਰਲੋਕ ਸਿਧਾਰ ਗਏ।

*****************

# ੩.ਜੱਸਾ ਸਿੰਘ ਆਹਲੂਵਾਲੀਆ

ਜੱਸਾ ਆਹਲੂਵਾਲੀਆ ਦਾ ਜਨਮ ੩ ਮਈ ੧੭੧੮ ਨੂੰ ਆਹਲੂ ਪਿੰਡ ਵਿਚ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਸ. ਬਦਰ ਸਿੰਘ ਸੀ। ਆਪ ਜੀ ਦੇ ਮਾਤਾ ਜੀ ਅੰਮ੍ਰਿਤਧਾਰੀ ਅਤੇ ਸ਼ਰਧਾਲੂ ਸਿੱਖ ਸਨ। ਉਹ ਸ਼ਾਮ ਸਵੇਰੇ ਔਪਣਾ ਨਿੱਤਨੇਮ (ਪੰਜ ਬਾਣੀਆਂ ਦਾ ਪਾਠ) ਰੋਜ਼ਾਨਾ ਕਰਦੇ ਸਨ। ਉਹ ਦਿਲਰੁਬਾ ਵਜਾਂਦੇ ਅਤੇ ਗੁਰਬਾਣੀ ਕੀਰਤਨ ਵੀ ਕਰਦੇ ਸਨ। ਉਹ ਜੱਸਾ ਸਿੰਘ ਨੂੰ ਹਮੇਸ਼ਾ ਹੀ ਆਪਣੇ ਨਾਲ ਪਾਠ ਕਰਨ ਲਈ ਅਤੇ ਕੀਰਤਨ ਵਿਚ ਹਿੱਸਾ ਲੈਣ ਲਈ ਕਿਹਾ ਕਰਦੇ ਸਨ। ਜੱਸਾ ਸਿੰਘ ਨੇ ਛੋਟੀ ਉਮਰ ਤੋਂ ਹੀ ਗੁਰਬਾਣੀ ਸਿੱਖੀ ਅਤੇ ਕੀਰਤਨ ਦਾ ਅਨੰਦ ਮਾਨਣ ਲੱਗ ਪਿਆ। ਜੱਸਾ ਸਿੰਘ ੭ ਕੁ ਸਾਲ ਦਾ ਸੀ ਜਦ ਉਸਦੇ ਪਿਤਾ ਸ. ਬਦਰ ਸਿੰਘ ਦੀ ਅਚਾਨਕ ਮੌਤ ਹੋ ਗਈ।

ਸੰਨ ੧੭੨੩ ਵਿਚ ਆਹਲੂ ਪਿੰਡ ਦੇ ਸ਼ਰਧਾਲੂ ਸਿੱਖ ਮਾਤਾ ਗੂਜਰੀ ਜੀ (ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲ) ਨੂੰ ਮਿਲਣ ਦਿੱਲੀ ਗਏ। ਜੱਸਾ ਸਿੰਘ ਦੇ ਮਾਤਾ ਜੀ ਇਸ ਜਥੇ ਦੇ ਨਾਲ ਸਨ। ਸਭਨਾਂ ਨੇ ਮਿਲਕੇ ਮਾਤਾ ਸੁੰਦਰੀ ਜੀ ਵਾਸਤੇ ਕੀਰਤਨ ਕੀਤਾ। ਮਾਤਾ ਜੀ ਇਤਨੇ ਖ਼ੁਸ਼ ਹੋਏ ਕਿ ਉਹਨਾਂ ਨੇ ਜਥੇ ਨੂੰ ਦਿੱਲੀ ਵਿਚ ਉਹਨਾਂ ਦੇ ਕੋਲ ਰਹਿਣ ਲਈ ਕਿਹਾ। ਮਾਤਾ ਜੀ ਨੇ ਜੱਸਾ ਸਿੰਘ ਨੂ ਬਹੁਤ ਅਸੀਸਾਂ ਦਿਤੀਆਂ। ਜੱਸਾ ਸਿੰਘ ੬ ਸਾਲ ਦਿੱਲੀ ਵਿਚ ਰਿਹਾ ਅਤੇ ਗੁਰਬਾਣੀ, ਧਾਰੋਮਕ ਇਤਿਹਾਸ ਅਤੇ ਫ਼ਾਰਸੀ ਸਿੱਖ ਸਕਿਆ।

ਜੱਸਾ ਸਿੰਘ ਦਾ ਮਾਮਾ ਭਾਗ ਸਿੰਘ ਸੀ। ਉਸਨੇ ੧੭੨੯ ਵਿਚ ਜੱਸਾ ਸਿੰਘ ਅਤੇ ਉਸਦੀ ਮਾਤਾ ਨੂੰ ਵਾਪਸ ਪੰਜਾਬ ਲੈ ਆਂਦਾ। ਉਹ ਜਲੰਧਰ ਦੇ ਨੇੜੇ ਵੱਸ ਗਏ ਅਤੇ ਲਗਾਤਾਰ ਕੀਰਤਨ ਕਰਨ ਲੱਗ ਪਏ। ਜੱਸਾ ਸਿੰਘ ਰਬਾਬ (ਗੁਰੂ ਨਾਨਕ ਦੇ ਬਾਣੀ ਗਾਇਨ ਵਾਲਾ ਇਕ ਤਾਰਾ ਸਾਜ਼) ਵਜਾਉਣ ਦਾ ਮਾਹਰ ਸੀ। ਇਸ ਵੇਲੇ ਨਵਾਬ ਕਪੂਰ ਸਿੰਘ ਅਤੇ ਉਸ ਨਾਲ ਸਿੱਖਾਂ ਦਾ ਜਥਾ ਕਰਤਾਰ ਪੁਰ ਰਹਿੰਦੇ ਸਨ। ਭਾਗ ਸਿੰਘ ਨਵਾਬ ਕਪੂਰ ਸਿੰਘ ਨੂੰ ਮਿਲਣ ਗਿਆ ਅਤੇ ਆਪਣੇ ਨਾਲ ਆਪਣੀ ਭੈਣ ਅਤੇ ਜੱਸਾ ਸਿੰਘ ਨੂੰ ਵੀ ਲੈ ਗਿਆ।

ਇਹ ਗੁਰਪੁਰਬ ਦਾ ਦਿਨ ਸੀ ਅਤੇ ਜੱਸਾ ਸਿੰਘ ਅਤੇ ਉਸਦੇ ਮਾਤਾ ਜੀ ਨੇ ਆਸਾ ਕੀ ਵਾਰ ਦਾ ਕੀਰਤਨ ਕੀਤਾ। ਨਵਾਬ ਕਪੂਰ ਸਿੰਘ ਅਤੇ ਉਸਦਾ ਸਾਥੀ ਜਥਾ ਇਸ ਕੀਰਤਨ ਤੋਂ ਬਹੁਤ ਪ੍ਰਭਾਵਤ ਹੋਏ ਅਤੇ ਉਹਨਾਂ ਨੂੰ ਇਕ ਮਹੀਨੇ ਵਾਸਤੇ ਉਥੇ ਰਹਿਣ ਲਈ ਕਿਹਾ। ਸਾਊ ਸੁਭਾ ਵਾਲੇ ਜੱਸਾ ਸਿੰਘ ਇਕ ਖ਼ੁਸ਼ਨੁਮਾ ਸਖ਼ਸ਼ੀਅਤ ਵਾਲੇ ਇਨਸਾਨ ਸਨ। ਨਵਾਬ ਕਪੂਰ ਸਿੰਘ ਨੂੰ ਜੱਸਾ ਸਿੰਘ ਬਹੁਤ ਚੰਗਾ ਲਗਿਆ ਅਤੇ ਉਸਦੀ ਮਹਾਨ ਕਾਬਲੀਅਤ ਨੂੰ ਪਹਿਚਾਨਿਆ।

ਨਵਾਬ ਕਪੂਰ ਸਿੰਘ ਨੇ ਜੱਸਾ ਸਿੰਘ ਨੂੰ ਆਪਣਾ ਪੁੱਤਰ ਬਣਾ ਲਿਆ। ਜੱਸਾ ਸਿੰਘ ਨੇ ਨਵਾਬ ਕਪੂਰ ਸਿੰਘ ਕੋਲੋਂ (ਖੰਡੇ ਦੀ ਪਾਹੁਲ) ਅੰਮ੍ਰਿਤ ਛਕਿਆ ਅਤੇ ਖ਼ਾਲਸਾ ਰੂਪ ਰਹਿਣਾ ਸਿਖਿਆ। ਨਵਾਬ

ਕਪੂਰ ਸਿੰਘ ਨੇ ਆਪਣੇ ਜਥੇ ਦੇ ਸਿੰਘਾਂ ਨੂੰ ਜੱਸਾ ਸਿੰਘ ਨੂੰ ਸਿਖਲਾਈ ਦੇਣ ਲਈ ਕਿਹਾ। ਉਹਨਾਂ ਨੇ ਉਸਨੂੰ ਸ਼ਸਤਰ ਵਿਦਿਆ ਦੀ ਸਿਖਿਆ ਦਿਤੀ ਅਤੇ ਘੋੜ ਸਵਾਰੀ ਵੀ ਸਿਖਾਈ। ਜੱਸਾ ਸਿੰਘ ਬਹੁਤ ਤੀਖਣ ਬੁੱਧੀ ਵਾਲਾ ਸੀ ਅਤੇ ਜਲਦੀ ਹੀ ਮਾਹਿਰ ਬਣ ਗਿਆ।ਉਹ ਬਹੁਤ ਮੇਹਨਤੀ ਸੀ ਅਤੇ ਆਪ ਨੂੰ ਸੌਂਪੇ ਕੰਮਾਂ ਨੂੰ ਤੁਰੰਤ ਪੂਰੇ ਕਰ ਲੈਂਦਾ ਸੀ।

ਨਵਾਬ ਕਪੂਰ ਸਿੰਘ ਨੇ ਜੱਸਾ ਸਿੰਘ ਨੂੰ ਘੋੜਿਆਂ ਨੂੰ ਚਾਰਾ ਖਵਾਉਣ ਦੀ ਜ਼ਿੰਮੇਵਾਰੀ ਸੌਂਪ ਦਿਤੀ। ਇਸ ਨਾਲ ਜੱਸਾ ਸਿੰਘ ਨੇ ਸਹਿਨਸ਼ੀਲਤਾ, ਨਿਮਰਤਾ ਅਤੇ ਪਿਆਰ ਦਾ ਸਬਕ ਸਿਖਿਆ। ਨਵਾਬ ਕਪੂਰ ਸਿੰਘ ਆਪ ਵੀ ਬੇਅੰਤ ਬਹਾਦੁਰ, ਆਤਮਿਕ ਸ਼ਕਤੀ ਅਤੇ ਨਿਮਰਤਾ ਭਰਪੂਰ ਸੀ। ਜੱਸਾ ਸਿੰਘ ਨੇ ਇਹ ਗੁਣ ਆਪਣੇ ਰਖਵਾਲੇ ਪਿਤਾ ਕੋਲੋਂ ਸਿੱਖੇ।

੧੪ ਅਕਤੂਬਰ ੧੭੪੫ ਨੂੰ ਦੀਵਾਲੀ ਵਾਲੇ ਦਿਨ ਜੱਸਾ ਸਿੰਘ ਦੀ ਹੁਕਮਰਾਨੀ ਹੇਠ ਉਸਨੂੰ ਜਥਾ ਸੌਂਪਿਆ ਗਿਆ। ੧੭੪੬ ਵਿਚ ਜੱਸਾ ਸਿੰਘ ਆਹਲੂਵਾਲੀਆ ਅਤੇ ਇਕ ਹੋਰ ਸਰਦਾਰ ਸੁੱਖਾ ਸਿੰਘ ਆਪਣੇ ਜਥੇ ਨੂੰ ਪਹਾੜਾਂ ਵੱਲ ਲੈ ਗਏ। ਉਹ ਇਕ ਅਸਥਾਨ ਰੋੜੀ ਸਾਹਿਬ ਤੇ ਲੰਗਰ ਛਕਣ ਲਈ ਰੁਕ ਗਏ। ਉਥੇ ਅਮੀਨਾਬਾਦ ਦੇ ਹਾਕਮ ਜਸਪਤ ਰਾਏ ਨੇ ਉਹਨਾਂ ਉੱਪਰ ਹਮਲਾ ਕਰ ਦਿਤਾ। ਜਸਪਤ ਰਾਏ ਇਕ ਹਾਥੀ ਤੇ ਸਵਾਰ ਸੀ। ਨਿਬਾਹੂ ਸਿੰਘ ਨਾਮੀ ਇਕ ਖਾਲਸੇ ਸਿੰਘ ਨੇ ਜਸਪਤ ਰਾਏ ਦਾ ਸਿਰ ਕੱਟ ਦਿਤਾ। ਜਸਪਤ ਰਾਏ ਦੀ ਫੌਜ ਨੇ ਇਹ ਦੇਖਿਆ ਅਤੇ ਮੈਦਾਨ ਵਿਚੋਂ ਦੌੜ ਗਏ। ਮੌਕਾ ਦੇਖ ਕੇ ਸਿੰਘ ਰਾਵੀ ਦਰਿਆ ਦੀ ਜੂਹ ਵਿਚ ਦਾਖਲ ਹੋ ਗਏ। ਦੀਵਾਨ ਲਖਪਤ ਰਾਏ ਨੂੰ ਜਦੋਂ ਪਤਾ ਲੱਗਾ ਕਿ ਉਸਦਾ ਭਰਾ ਸਿੰਘਾਂ ਨੇ ਮਾਰ ਦਿਤਾ ਹੈ, ਤਾਂ ਉਸਨੇ ਬਦਲਾ ਲੈਣ ਦੀ ਸੌਗੰਧ ਖਾਧੀ। ੧੦ ਮਾਰਚ ਵਾਲੇ ਦਿਨ ਉਸਨੇ ਲਾਹੌਰ ਦੇ ਸਾਰੇ ਸਿੱਖ ਵਪਾਰੀ ਅਤੇ ਸਰਕਾਰੀ ਮੁਲਾਜ਼ਮ ਮਾਰ ਦਿਤੇ ਫਿਰ ਉਹ ਆਪਣੀ ਫੌਜ ਸਮੇਤ ਕਾਹਨੂੰਵਾਨ ਦੇ ਜੰਗਲਾਂ ਵੱਲ ਵਧਿਆ ਜਿਥੇ ਬਹੁਤ ਸਾਰੇ ਸਿੰਘ ਰਹਿ ਰਹੇ ਸਨ। ਉਹ ਉਸ ਇਲਾਕੇ ਦੇ ਸਾਰੇ ਸਿੱਖਾਂ ਨੂੰ ਮਾਰ ਦੇਣਾ ਚਾਹੁੰਦਾ ਸੀ। ਇਹ ਘਟਨਾ **ਛੋਟਾ ਘੱਲੂਘਾਰਾ** ਦੇ ਨਾਮ ਨਾਲ ਜਾਣਿਆਂ ਜਾਂਦਾ ਹੈ। ਸੱਤ ਹਜ਼ਾਰ ਸਿੱਖ ਮਾਰੇ ਗਏ ਅਤੇ ਤਿੰਨ ਹਜ਼ਾਰ ਸਿੱਖਾਂ ਨੂੰ ਕੈਦੀ ਬਣਾ ਕੇ ਲਾਹੌਰ ਲਿਆਂਦਾ ਗਿਆ। ਕੈਦੀਆਂ ਨੂੰ ਤਸੀਹੇ ਦੇ ਦੇ ਕੇ ਕਤਲ ਕਰ ਦਿਤਾ ਗਿਆ।

## ਅਹਿਮਦ ਸ਼ਾਹ ਅਬਦਾਲੀ ਦਾ ਹਮਲਾ

**ਪਹਿਲਾ ਹਮਲਾ (ਦਸੰਬਰ ੧੭੪੭):** ਅਬਦਾਲੀ ਨੇ ਲਾਹੌਰ ਦੇ ਗਵਰਨਰ ਸ਼ਾਹ ਨਵਾਜ਼ ਨੂੰ ਹਰਾ ਦਿਤਾ ਅਤੇ ਉਹ ਦਿੱਲੀ ਵੱਲ ਦੌੜ ਗਿਆ। ਲਾਹੌਰ ਦੀ ਸਰਕਾਰ ਵਿਚ ਹਫ਼ੜਾ ਦਫ਼ੜੀ ਮੱਚ ਜਾਣ ਕਰਕੇ ਖਾਲਸਿਆਂ ਨੇ ਅੰਮ੍ਰਿਤਸਰ ਤੇ ਕਬਜ਼ਾ ਕਰ ਲਿਆ। ਮਾਰਚ ੨੯, ੧੭੪੮ ਨੂੰ ਸਿੱਖਾਂ ਦਾ ਇਕ ਬਹੁਤ ਵੱਡਾ ਇਕੱਠ ਹਰਿਮੰਦਰ ਸਾਹਿਬ ਵਿਖੇ ਹੋਇਆ। ਉਹਨਾਂ ਨੇ ਰਾਮ ਰਾਉਣੀ ਕਿਲੇ ਦੀ ਨੀਂਹ ਪੱਥਰ ਰੱਖ ਕੇ ਕਿਲਾ ਉਸਾਰਨਾ ਸ਼ੁਰੂ ਕੀਤਾ। ਉਹਨਾਂ ਨੇ ਜੱਸਾ ਸਿੰਘ ਆਹਲੂਵਾਲੀਆ ਨੂੰ ਆਪਣਾ ਸਾਂਝਾ ਮੁਖੀ ਚੁਣ

ਲਿਆ ਅਤੇ ਉਸਦੇ ਸਲਾਹ-ਮਸ਼ਵਰੇ ਵਾਸਤੇ ਇਕ ੧੦-ਮੈਂਬਰੀ ਕਮੇਟੀ ਬਣਾਈ। ਇਹੀ ਕਮੇਟੀ ਮੈਂਬਰ ਬਾਅਦ ਵਿਚ ਮਿਸਲਾਂ ਦੇ ਮੁਖੀ ਬਣੇ।

੯ ਅਪ੍ਰੈਲ, ੧੭੪੮ ਨੂੰ ਮੀਰ ਮੰਨੂ ਨੂੰ ਲਾਹੌਰ ਅਤੇ ਮੁਲਤਾਨ ਦਾ ਗਵਰਨਰ ਥਾਪਿਆ ਗਿਆ। ਉਸਨੇ ਕੌੜਾ ਮਲ ਨੂੰ ਆਪਣਾ ਦੀਵਾਨ ਨਾਮਜ਼ਦ ਕੀਤਾ। ਉਸਨੇ ਆਪਣੇ ਪਹਿਲੇ ਦੀਵਾਨ ਲਖਪਤ ਰਾਏ ਤੇ ਬਹੁਤ ਵੱਡਾ ਜੁਰਮਾਨਾ ਠੋਕਿਆ। ਲਖਪਤ ਰਾਏ ਇਸ ਜੁਰਮਾਨੇ ਦਾ ਕੁਝ ਹਿੱਸਾ ਹੀ ਅਦਾ ਕਰ ਸਕਿਆ। ਦੀਵਾਨ ਕੌੜਾ ਮਲ ਨੇ ਬਾਕੀ ਦਾ ਹਿੱਸਾ ਅਦਾ ਕਰਕੇ ਲਖਪਤ ਰਾਏ ਨੂੰ ਆਪਣੀ ਹਿਰਾਸਤ ਵਿਚ ਲੈ ਲਿਆ। ਉਸਨੇ ਫਿਰ ਲਖਪਤ ਰਾਏ ਨੂੰ ਸਿੰਘਾਂ ਦੇ ਹਵਾਲੇ ਕਰ ਦਿਤਾ। ਮੁਖੀ ਜੱਸਾ ਸਿੰਘ ਆਹਲੂਵਾਲੀਆ ਨੇ ਹੁਕਮ ਕੀਤਾ ਕਿ ਉਸਨੂੰ ਲੱਕ ਦੁਆਲਿਓਂ ਬੰਨ੍ਹ ਦਿਤਾ ਜਾਵੇ, ਜਿੱਥੇ ਉਹ ਛੇ ਮਹੀਨੇ ਤਸੀਹੇ ਭੋਗਦਾ ਰਿਹਾ।

ਅਦੀਨਾ ਬੇਗ਼, ਜਿਹੜਾ ਜਲੰਧਰ ਦਾ ਹਾਕਮ ਸੀ, ਉਸਨੇ ਜੱਸਾ ਸਿੰਘ ਆਹਲੂਵਾਲੀਆ ਅਤੇ ਜੱਸਾ ਸਿੰਘ ਰਾਮਗੜ੍ਹੀਆ ਨੂੰ ਆਪਣੇ ਅਦਾਰੇ ਵਿਚ ਅਹੁਦੇ ਭੇਂਟ ਕੀਤੇ। ਜੱਸਾ ਸਿੰਘ ਰਾਮਗੜ੍ਹੀਆ ਅਤੇ ਉਸਦਾ ਜਥਾ ਅਦੀਨਾ ਬੇਗ਼ ਦੀ ਮੁਲਾਜ਼ਮਤ ਵਿਚ ਸ਼ਾਮਲ ਹੋ ਗਏ, ਪਰ ਆਹਲੂਵਾਲੀਆ ਸਰਦਾਰ ਨੇ ਇਹ ਪੇਸ਼ਗੀ ਠੁਕਰਾ ਦਿਤੀ।

ਅਕਤੂਬਰ ੧੭੪੮ ਵਿਚ ਸਮੂਹ ਖਾਲਸੇ ਦਾ ਇਕੱਠ ਅੰਮ੍ਰਿਤਸਰ ਵਿਚ ਹੋਇਆ। ਮੀਰ ਮੰਨੂ ਨੇ ਸਿੱਖਾਂ ਨੂੰ ਘੇਰਾ ਪਾਉਣ ਲਈ ਆਪਣੀ ਫ਼ੌਜ ਭੇਜੀ ਅਤੇ ਜਲੰਧਰ ਦੇ ਕਮਾਂਡਰ ਨੂੰ ਵੀ ਇਹ ਘੇਰਾ ਘੱਤਣ ਵਿਚ ਮਦਦ ਕਰਨ ਲਈ ਹੁਕਮ ਕੀਤਾ। ੫੦੦ ਸਿੱਖਾਂ ਨੇ ਰਾਮ ਰਾਉਣੀ ਕਿਲੇ ਵਿਚ ਸ਼ਰਣ ਲਈ ਅਤੇ ਬਾਕੀ ਦੇ ਜੰਗਲਾਂ ਵੱਲ ਚਲੇ ਗਏ। ਜਲੰਧਰ ਅਤੇ ਲਾਹੌਰ ਦੀਆਂ ਫ਼ੌਜਾਂ ਨੇ ਕਿਲੇ ਨੂੰ ਘੇਰਾ ਪਾ ਲਿਆ। ਉਹਨਾਂ ਨੇ ਦੋ ਮਹੀਨੇ ਘੇਰਾ ਪਾਈ ਰਖਿਆ, ਪਰ ਸਿੱਖਾਂ ਨੂੰ ਹਰਾ ਕੇ ਕਿਲਾ ਹਾਸਲ ਨਾ ਕਰ ਸਕੇ।

ਜੱਸਾ ਸਿੰਘ ਰਾਮਗੜ੍ਹੀਆ ਜਲੰਧਰ ਦੀਆਂ ਫ਼ੌਜਾਂ ਦੇ ਨਾਲ ਸੀ ਜੋ ਰਾਮ ਰਾਉਣੀ ਕਿਲੇ ਤੇ ਹਮਲਾ ਕਰ ਰਹੇ ਸਨ, ਪਰ ਇਕ ਦਿਨ ਉਹ ਅਤੇ ਉਹਦਾ ਜਥਾ ਸਿੰਘਾਂ ਨਾਲ ਕਿਲੇ ਦੇ ਅੰਦਰ ਚਲੇ ਗਏ। ਗੜ੍ਹੀ ਦੇ ਅੰਦਰੋਂ ਹੀ ਉਸਨੇ ਦੀਵਾਨ ਕੌੜਾ ਮਲ ਨੂੰ ਸਨੇਹਾ ਭੇਜਿਆ ਕਿ ਘੇਰਾ ਹਟਾ ਦਿਤਾ ਜਾਵੇ।

**ਦੂਜਾ ਹਮਲਾ (੧੭੪੯);** ਅਬਦਾਲੀ ਨੇ ਲਾਹੌਰ ਉਪਰ ਹਮਲਾ ਕੀਤਾ। ਮੀਰ ਮੰਨੂ **ਨੇ** ਉਸ ਪਾਸੇ ਧਿਆਨ ਕੇਂਦਰਤ ਕੀਤਾ। ਉਸਨੇ ਦੀਵਾਨ ਕੌੜਾ ਮਲ ਦੀ ਸਲਾਹ ਲਈ ਅਤੇ ਸਿੱਖਾਂ ਨਾਲ ਅਮਨ ਕਰ ਲਿਆ। ਉਸਨੇ ਉਹਨਾਂ ਨੂੰ ਜ਼ਮੀਨੀ-ਜਗੀਰਾਂ ਵੀ ਪਰਦਾਨ ਕੀਤੀਆ।

ਮਈ ੧੭੪੯ ਵਿਚ ਸ਼ਾਹ ਨਵਾਜ਼ ਨੇ ਮੁਲਤਾਨ ਤੇ ਕਬਜ਼ਾ ਕਰ ਲਿਆ। ਮੀਰ ਮੰਨੂ ਨੇ ਦੀਵਾਨ ਕੌੜਾ ਮਲ ਨੂੰ ਮੁਲਤਾਨ ਮੁੜ ਕਬਜ਼ੇ ਵਿਚ ਲੈਣ ਦੀ ਜ਼ਿੰਮੇਵਾਰੀ ਸੌਂਪ ਦਿਤੀ। ਚੀਫ਼ ਜੱਸਾ ਸਿੰਘ ਆਹਲੂਵਾਲੀਆ ੧੦,੦੦੦ ਸਿੰਘਾਂ ਨੂੰ ਨਾਲ ਲੈ ਕੇ ਦੀਵਾਨ ਕੌੜਾ ਮਲ ਨਾਲ ਆ ਮਿਲਿਆ। ਸ਼ਾਹ ਨਵਾਜ਼ ਦੀਆ ਫ਼ੌਜਾਂ

ਬਹੁਤੀ ਦੇਰ ਸਿੰਘਾਂ ਦਾ ਮੁਕਾਬਲਾ ਨਾ ਕਰ ਸਕੀਆਂ। ਸ਼ਾਹ ਨਵਾਜ਼ ਮਾਰਿਆ ਗਿਆ ਅਤੇ ਦੀਵਾਨ ਕੌੜਾ ਮਲ ਨੇ ਮੁਲਤਾਨ ਨੂੰ ਕਬਜ਼ੇ ਵਿਚ ਲੈ ਲਿਆ। ਦੀਵਾਨ ਕੌੜਾ ਮਲ ਨੇ ਸਿੰਘਾਂ ਦੀਆ ਸੇਵਾਵਾਂ ਬਦਲੇ ਉਹਨਾਂ ਨੂੰ ਇਨਾਮ ਦੇ ਤੌਰ ਤੇ ਹੋਰ ਜਾਇਦਾਦਾਂ ਦੇਣ ਲਈ ਮੀਰ ਮੰਨੂੰ ਨੂੰ ਕਿਹਾ।

**ਤੀਸਰਾ ਹਮਲਾ (੧੭੫੧):** ਅਬਦਾਲੀ ਨੇ ਫਿਰ ਹਮਲਾ ਕੀਤਾ। ਮੀਰ ਮੰਨੂ ਨੇ ਫਿਰ ਖਾਲਸਿਆਂ ਦੀ ਮਦਦ ਮੰਗੀ। ਇਸ ਵਾਰ ਅਬਦਾਲੀ ਦੀਆ ਫ਼ੌਜਾਂ ਦੀਆ ਭਾਰੀ ਤੋਪਾਂ ਨੇ ਖਾਲਸੇ ਨੂੰ ਅੰਮ੍ਰਿਤਸਰ ਤੱਕ ਧਕੇਲ ਦਿਤਾ। ਇਸ ਲੜਾਈ ਵਿਚ ਮੀਰ ਮੰਨੂ ਅਬਦਾਲੀ ਤੋਂ ਹਾਰ ਗਿਆ। ਮੀਰ ਮੰਨੂ ਨੇ ਇਸ ਹਾਰ ਦਾ ਦੋਸ਼ ਖਾਲਸਿਆਂ ਦੇ ਸਿਰ ਲਾਇਆ ਅਤੇ ਖਾਲਸਿਆਂ ਦੀਆਂ ਸਾਰੀਆਂ ਜ਼ਮੀਨਾਂ ਜ਼ਬਤ ਕਰ ਲਈਆਂ। ਉਹ ਇਤਨਾ ਤੈਸ਼ ਵਿਚ ਆਇਆ ਕਿ ਉਸਨੇ ਸਮੁੱਚੇ ਖਾਲਸੇ ਨੂੰ ਖਤਮ ਕਰਨ ਲਈ ਆਪਣੀਆਂ ਫ਼ੌਜਾਂ ਨੂੰ ਮੁੜ ਤਾਇਨਾਤ ਕਰ ਦਿਤਾ।

**ਚੌਥਾ ਹਮਲਾ (੧੭੫੬ ਦੇ ਸ਼ੁਰੂ ਵਿਚ):** ਨਵੰਬਰ ੧੭੫੩ ਵਿਚ ਮੀਰ ਮੰਨੂ ਦੀ ਮੌਤ ਹੋ ਗਈ। ਉਸਦੀ ਵਿਧਵਾ ਮੁਰਾਦ ਬੇਗ਼ਮ ਲਾਹੌਰ ਦੀ ਗਵਰਨਰ ਬਣ ਗਈ। ਲਾਹੌਰ ਦੀ ਸਰਕਾਰ ਬਿਲਕੁਲ ਉਥਲ ਪੁਥਲ ਵਿਚ ਸੀ। ਸਿੰਘਾਂ ਨੇ ਲਾਹੌਰ ਦੇ ਕਮਜ਼ੋਰ ਹਾਲਾਤਾਂ ਦਾ ਫ਼ਾਇਦਾ ਉਠਾਇਆ ਅਤੇ ਪੰਜਾਬ ਵਿਚ ਪਰਤ ਆਏ। ਲਾਹੌਰ ਵਿਚ ਸਰਕਾਰ ਦੀ ਹਾਲਤ ਇਤਨੀ ਕਮਜ਼ੋਰ ਹੋ ਗਈ ਕਿ ਮੁਰਾਦ ਬੇਗ਼ਮ ਨੇ ਅਬਦਾਲੀ ਨੂੰ ਭਾਰਤ ਤੇ ਹਮਲਾ ਕਰਨ ਲਈ ਸੱਦਾ ਦਿਤਾ। ਅਬਦਾਲੀ ਨੇ ਦਿੱਲੀ ਤੇ ਹਮਲਾ ਕੀਤਾ ਅਤੇ ਸ਼ਹਿਰ ਨੂੰ ਲੁੱਟਿਆ। ਉਹ ੧੬ ਮੁਗ਼ਲ ਸ਼ਹਿਜ਼ਾਦੀਆਂ, ਹਜ਼ਾਰਾਂ ਦੀ ਗਿਣਤੀ ਵਿਚ ਗੁਲਾਮ ਅਤੇ ਲੱਖਾਂ ਰੁਪਿਆਂ ਦੀਆ ਕੀਮਤੀ ਚੀਜ਼ਾਂ ਚੋਰੀ ਕਰਕੇ ਦਿੱਲੀ ਤੋਂ ਚਲ ਪਿਆ।

ਚੀਫ਼ ਜੱਸਾ ਸਿੰਘ ਆਹਲੁਵਾਲੀਆ ਨੇ ਕੈਦੀਆਂ ਨੂੰ ਆਜ਼ਾਦ ਕਰਵਾਉਣ ਲਈ ਖਾਲਸੇ ਨੂੰ ਇਕੱਠਾ ਕੀਤਾ। ਅਬਦਾਲੀ ਨੇ ਜਿਵੇਂ ਹੀ ਜਮੁਨਾ ਦਰਿਆ ਪਾਰ ਕੀਤਾ, ਸਿੰਘਾਂ ਨੇ ਹਮਲਾ ਬੋਲ ਦਿਤਾ। ਸਿੰਘਾਂ ਨੇ ਉਸਦਾ ਖਜ਼ਾਨਾ ਲੁੱਟ ਲਿਆ ਅਤੇ ਕੈਦੀਆਂ ਨੂੰ ਆਜ਼ਾਦ ਕਰ ਦਿਤਾ।

ਅਬਦਾਲੀ ਜਦੋਂ ਲਾਹੌਰ ਪਹੁੰਚਿਆ ਤਾਂ ਉਸਨੇ ਆਪਣੇ ਗਿਆਰਾਂ ਸਾਲ ਦੇ ਪੁੱਤਰ ਤੈਮੂਰ ਸ਼ਾਹ ਨੂੰ ਹਾਲ ਵਿਚ ਹੀ ਕਬਜ਼ੇ ਕੀਤੇ ਇਲਾਕਿਆਂ ਦਾ ਗਵਰਨਰ ਨਿਯੁਕਤ ਕਰ ਦਿਤਾ, ਅਤੇ ਜਹਾਨ ਖਾਂ ਉਸਦਾ ਸਹਾਇਕ ਬਣ ਗਿਆ। ਅਬਦਾਲੀ ਵਾਪਸ ਕਾਬੁਲ ਪਰਤ ਗਿਆ। ਤੈਮੂਰ ਸ਼ਾਹ ਨੇ ਆਪਣੀ ਤਸੱਲੀ ਮੁਤਾਬਕ ਲਾਹੌਰ ਦੀ ਸਰਕਾਰ ਦਾ ਪ੍ਰਬੰਧ ਕੀਤਾ ਅਤੇ ਫਿਰ ਸਿੱਖਾਂ ਵੱਲ ਧਿਆਨ ਕੀਤਾ। ਜਹਾਨ ਖਾਂ ਨੂੰ ਫ਼ੌਜਾਂ ਨਾਲ ਅੰਮ੍ਰਿਤਸਰ ਭੇਜਿਆ ਗਿਆ ਕਿ ਸਿੱਖ ਖਤਮ ਕਰ ਦਿਤੇ ਜਾਣ। ੧੭੫੭ ਵਿਚ ਜਹਾਨ ਖਾਂ ਨੇ ਅੰਮ੍ਰਿਤਸਰ ਵਿਚ ਕਿਲਾ ਰਾਮ ਰਾਉਣੀ ਅਤੇ ਹੋਰ ਬਹੁਤ ਸਾਰੇ ਗੁਰਦਵਾਰੇ ਤਬਾਹ ਕਰ ਦਿਤੇ। ਉਸਨੇ ਹਰਿਮੰਦਰ ਸਾਹਿਬ ਦੁਆਲੇ ਸਰੋਵਰ ਨੂੰ ਰੇਤ ਨਾਲ ਭਰ ਦਿਤਾ।

ਜਲੰਧਰ ਵਿਚ, ਖਾਲਸਾ ਅਦੀਨਾ ਬੇਗ ਨਾਲ ਕੰਮ ਕਰ ਰਿਹਾ ਸੀ। ਉਹ ਜਲੰਧਰ ਨੂੰ ਮੁੜ ਕਬਜ਼ੇ ਵਿਚ ਲੈ ਕੇ ਸਰਹੰਦ ਤੇ ਹਮਲਾ ਕਰਨਾ ਚਾਹੁੰਦਾ ਸੀ। ਖਾਲਸਾ ਫੌਜਾਂ ਦੇ ਨਾਲ ਮਰਾਠਾ ਫੌਜਾਂ ਵੀ ਉਸਦੇ ਨਾਲ ਸਨ ਅਤੇ ਉਸਨੇ ੨੧ ਮਾਰਚ ੧੭੫੮ ਨੂੰ ਸਰਹੰਦ ਫ਼ਤਹਿ ਕਰ ਲਿਆ। ੧੧ ਅਪ੍ਰੈਲ ੧੭੫੮ ਨੂੰ ਮਰਾਠਿਆਂ ਨੇ ਤੈਮੂਰ ਤੋਂ ਲਾਹੌਰ ਕਬਜ਼ੇ ਵਿਚ ਲੈ ਲਿਆ ਅਤੇ ਅਦੀਨਾ ਬੇਗ਼ ਨੂੰ ਸੌਂਪ ਦਿਤਾ। ਜਦ ਹੀ ਅਦੀਨਾ ਬੇਗ਼ ਪੰਜਾਬ ਦਾ ਹੁਕਮਰਾਨ ਬਣ ਗਿਆ, ਉਹ ਸਿੱਖਾਂ ਦਾ ਦੁਸ਼ਮਣ ਬਣ ਬੈਠਾ। ਕੁਝ ਮਹੀਨੇ ਬਾਅਦ ੧੫ ਸਤੰਬਰ ੧੭੫੮ ਨੂੰ ਉਸਦੀ ਮੌਤ ਹੋ ਗਈ। ਉਸਦਾ ਪੁੱਤਰ ਹਸਨ ਬੇਗ਼ ਲੜਿਆ ਅਤੇ ੩੦ ਅਕਤੂਬਰ ਨੂੰ ਖਾਲਸੇ ਤੋਂ ਹਾਰ ਗਿਆ। ਉਹ ਦੌੜ ਗਿਆ ਅਤੇ ਖਾਲਸੇ ਨੇ ਉਸਦੇ ਇਲਾਕਿਆਂ ਨੂੰ ਕਬਜ਼ੇ ਵਿਚ ਲੈ ਲਿਆ।

**ਪੰਜਵਾਂ ਹਮਲਾ (ਅਕਤੂਬਰ ੧੭੫੯):** ਅਬਦਾਲੀ ਨੇ ਮਰਾਠਿਆਂ ਤੋਂ ਬਦਲਾ ਲੈਣ ਲਈ ਫਿਰ ਹਮਲਾ ਕੀਤਾ। ਜਨਵਰੀ ੧੭੬੧ ਵਿਚ ਮਰਾਠਿਆਂ ਨੂੰ ਪਾਣੀਪਤ ਵਿਚ ਅਬਦਾਲੀ ਤੋਂ ਬਹੁਤ ਬੁਰੀ ਹਾਰ ਹੋਈ। ਅਬਦਾਲੀ ਅੱਗੇ ਦਿੱਲੀ ਚਲਾ ਗਿਆ ਅਤੇ ਬਹੁਤ ਬੇਰਹਿਮੀ ਨਾਲ ਲੜਾਈ ਕੀਤੀ ਅਤੇ ਲੁੱਟ ਮਾਰ ਕੀਤੀ। ਜਦ ਉਸਨੇ ਦਿੱਲੀ ਨੂੰ ਛਡਿਆ, ਉਸਦੇ ਪਾਸ ਲੁੱਟ ਮਾਰ ਦਾ ਬਹੁਤ ਵੱਡਾ ਸਮਾਨ ਅਤੇ ੨੨੦੦੦ ਮਰਾਠਾ ਕੈਦੀ ਸਨ। ਪਰ ਜਦੋਂ ਉਸਨੇ ਸਤਿਲੁਜ ਦਰਿਆ ਪਾਰ ਕੀਤਾ, ਸਿੰਘਾਂ ਨੇ ਹਮਲਾ ਕਰਕੇ ਲੁੱਟ ਮਾਰ ਦਾ ਸਾਮਾਨ ਖੋਹ ਲਿਆ ਅਤੇ ਕੈਦੀਆਂ ਨੂੰ ਰਿਹਾ ਕਰ ਦਿਤਾ। ਉਹ ਸਾਰੇ ਕੇਦੀਆ ਨੂੰ ਰਿਹਾ ਕਰਨ ਵਿਚ ਕਾਮਣਾਬ ਹੋ ਗਏ ਜਦ ਤੱਕ ਅਬਦਾਲੀ ਜੇਹਲਮ ਦਰਿਆ ਤੇ ਪਹੁੰਚ ਚੁੱਕਾ ਸੀ।

੨੨ ਅਕਤੂਬਰ ੧੭੬੧ ਨੂੰ ਸਮੂਹ ਖਾਲਸਾ ਅੰਮ੍ਰਿਤਸਰ ਵਿਚ ਇਕੱਠਾ ਹੋਇਆ। ਉਹਨਾਂ ਨੇ ਇਕ ਗੁਰਮਤਾ ਪਾਸ ਕੀਤਾ ਅਤੇ ਲਾਹੌਰ ਨੂੰ ਘੇਰਾ ਪਾਉਣ ਦਾ ਫ਼ੈਸਲਾ ਕੀਤਾ। ਲਾਹੌਰ ਦੇ ਆਗੂਆਂ ਨੇ ਚੀਫ਼ ਜੱਸਾ ਸਿੰਘ ਆਹਲੂਵਾਲੀਆ ਨਾਲ ਅਮਨ ਸਮਝੌਤਾ ਕਰਨ ਦਾ ਫ਼ੈਸਲਾ ਕੀਤਾ ਅਤੇ ਸ਼ਹਿਰ ਦੇ ਦਰਵਾਜੇ ਖੋਹਲ ਦਿਤੇ। ਖਾਲਸਾ ਸ਼ਹਿਰ ਦੇ ਅੰਦਰ ਦਾਖਲ ਹੋਇਆ ਅਤੇ ਸਰਕਾਰੀ ਟਕਸਾਲ ਨੂੰ ਕਬਜ਼ੇ ਵਿਚ ਲੈ ਲਿਆ ਜਿਥੇ ਸਿੱਕੇ ਬਣਦੇ ਸਨ। **ਖਾਲਸਾ ਨੇ ਚੀਫ਼ ਜੱਸਾ ਸਿੰਘ ਆਹਲੂਵਾਲੀਆ ਨੂੰ 'ਕੌਮ ਦਾ ਬਾਦਸ਼ਾਹ' ਦੇ ਖਿਤਾਬ ਨਾਲ ਸਨਮਾਨਿਆ।** ਖਾਲਸਾ ਨੇ ਟਕਸਾਲ ਵਿਚ ਆਪਣੇ ਸਿੱਕੇ ਬਣਾਏ ਅਤੇ ਵਰਤਣੇ ਚਾਲੂ ਕੀਤੇ। ਇਹਨਾਂ ਸਿਕਿਆਂ ਉਪਰ ਫ਼ਾਰਸੀ ਵਿਚ ਉਹੋ ਕੁਝ ਉਕਰਿਆ ਸੀ ਜੋ ਬੰਦਾ ਸਿੰਘ ਬਹਾਦੁਰ ਨੇ ਆਪਣੇ ਸਿਕਿਆਂ ਉਪਰ ਉਕਰਵਾਇਆ ਸੀ।

**ਛੇਵਾਂ ਹਮਲਾ (ਫਰਵਰੀ ੧੭੬੨):** ੩ ਫਰਵਰੀ ੧੭੬੨ ਨੂੰ ਅਬਦਾਲੀ ਲਾਹੌਰ ਪਹੁੰਚ ਗਿਆ। ਦਲ ਖਾਲਸਾ ਮਾਲਵੇ ਵੱਲ ਚਲਾ ਗਿਆ ਸੀ ਤਾਕਿ ਅਬਦਾਲੀ ਦੇ ਆਉਣ ਤੋਂ ਪਹਿਲਾਂ ਉਹ ਆਪਣੇ ਪਰਵਾਰਾਂ ਨੂੰ ਉਸ ਪਾਸੇ ਤਬਦੀਲ ਕਰ ਸਕਣ। ਅਬਦਾਲੀ ਨੇ ਉਹਨਾਂ ਦਾ ਪਿੱਛਾ ਕੀਤਾ ਅਤੇ ਉਹਨਾਂ ਦੇ ਕਾਫ਼ਲੇ ਤੇ ਪਿੱਛੋਂ ਹਮਲਾ ਕਰ ਦਿਤਾ। ਉਸ **ਵੱਡੇ ਘੱਲੂਘਾਰਾ** ਵਿਚ ਸਿੱਖਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ। ਖਾਲਸੇ ਦੀਆਂ ਬਹੁਤ ਮੌਤਾਂ ਹੋਈਆਂ। ਰਾਤ ਅੰਧੇਰੇ ਵੇਲੇ ਅਬਦਾਲੀ ਨੇ ਸਿੰਘਾਂ ਦੇ ਕਾਫ਼ਲੇ ਦਾ ਪਿੱਛਾ

ਕਰਨਾ ਛੱਡ ਦਿਤਾ ਅਤੇ ੩ ਮਾਰਚ ਨੂੰ ਸਰਹੰਦ ਰਾਹੀਂ ਲਾਹੌਰ ਵਾਪਸ ਆ ਗਿਆ। ਵੈਸਾਖੀ ਤੋਂ ਇਕ ਦਿਨ ਪਹਿਲਾਂ ਉਹ ਅੰਮ੍ਰਿਤਸਰ ਪਹੁੰਚ ਗਿਆ, ਤੋਪਾਂ ਨਾਲ ਹਰਿਮੰਦਰ ਉਡਾ ਦਿਤਾ ਅਤੇ ਮਲਬੇ ਨਾਲ ਸਾਰਾ ਸਰੋਵਰ ਪੂਰ ਦਿਤਾ। ਗਰਮੀਆਂ ਕੱਟਣ ਵਾਸਤੇ ਉਹ ਜੂਨ ਵਿਚ ਕਲਾਨੌਰ ਚਲਾ ਗਿਆ।

ਇਸ ਵੱਡੇ ਘੱਲੂਗਾਰੇ ਵਿਚ ਹੋਏ ਨੁਕਸਾਨ ਤੋਂ ਬਾਅਦ ਜਦੋਂ ਹਾਲਾਤ ਕੁਝ ਠੀਕ ਹੋਏ, ਤਾਂ ਖਾਲਸੇ ਨੇ ਸਰਹੰਦ ਉੱਪਰ ਮਈ ਵਿਚ ਹਮਲਾ ਕਰ ਦਿਤਾ। ਸਰਹੰਦ ਦੇ ਗਵਰਨਰ ਨੇ ਸਿੰਘਾਂ ਨਾਲ ਸਮਝੌਤਾ ਕਰ ਲਿਆ। ਖਾਲਸਾ ਵਾਪਸ ਪੰਜਾਬ ਆ ਗਿਆ ਅਤੇ 'ਹਿਫ਼ਾਜ਼ਤੀ ਟੈਕਸ' ਇਕੱਠਾ ਕਰਨਾ ਸ਼ੁਰੂ ਕਰ ਦਿਤਾ। ੧੭ ਅਕਤੂਬਰ ੧੭੬੨ ਨੂੰ ਸਿੰਘ ਦੀਵਾਲੀ ਵਾਲੇ ਦਿਨ ਇਕੱਠੇ ਹੋਏ ਤਾਂ ਅਬਦਾਲੀ ਨੇ ਆਪਣਾ ਦੂਤ ਅੰਮ੍ਰਿਤਸਰ ਭੇਜਿਆ ਕਿ ਸਿੰਘਾਂ ਨਾਲ ਸਮਝੌਤਾ ਹੋ ਸਕੇ। ਸਿੰਘਾਂ ਨੇ ਉਸ ਦੂਤ ਨੂੰ ਲੁੱਟ ਲਿਆ ਅਤੇ ਉਸਨੂੰ ਵਾਪਸ ਭੇਜ ਦਿਤਾ। ਅਬਦਾਲੀ ਇਸ ਬੇਇਜ਼ਤੀ ਨੂੰ ਸਹਿਨ ਨਾ ਕਰ ਸਕਿਆ। ਉਹ ਅੰਮ੍ਰਿਤਸਰ ਵੱਲ ਚਲ ਪਿਆ ਅਤੇ ੧੬ ਅਕਤੂਬਰ ਦੀ ਸ਼ਾਮ ਨੂੰ ਅੰਮ੍ਰਿਤਸਰ ਪਹੁੰਚ ਗਿਆ। ਖਾਲਸੇ ਨੇ ੧੭ ਅਕਤੂਬਰ ਦੀ ਸਵੇਰ ਨੂੰ ਅਬਦਾਲੀ ਉੱਪਰ ਹਮਲਾ ਕਰ ਦਿਤਾ। ਸਿੰਘਾਂ ਨੇ ਅਬਦਾਲੀ ਫ਼ੌਜ ਦਾ ਬਹੁਤ ਨੁਕਸਾਨ ਕੀਤਾ ਅਤੇ ਮੌਤਾਂ ਵੀ ਬਹੁਤ ਹੋਈਆ। ਹਨੇਰੇ ਦਾ ਫ਼ਾਇਦਾ ਲੈਂਦਿਆਂ, ਅਬਦਾਲੀ ਰਾਤ ਨੂੰ ਹੀ ਲਾਹੌਰ ਵੱਲ ਦੌੜ ਗਿਆ ਅਤੇ ਵਾਪਸ ਕਾਬੁਲ ਚਲਾ ਗਿਆ।

ਅਬਦਾਲੀ ਦੇ ਚਲੇ ਜਾਣ ਪਿੱਛੋਂ ਸਿੰਘਾਂ ਨੇ ਆਪਣੇ ਇਲਾਕੇ ਮੁੜ ਕਬਜ਼ੇ ਵਿਚ ਕਰ ਲਏ। ਉਹਨਾਂ ਨੇ ਅਬਦਾਲੀ ਵੱਲੋਂ ਢਾਹੇ ਗੁਰਵਾਰਿਆਂ ਦੀ ਉਸਾਰੀ ਕਰਨੀ ਸ਼ੁਰੂ ਕਰ ਦਿਤੀ। ੧੩ ਜਨਵਰੀ ੧੭੬੪ ਨੂੰ ਖਾਲਸੇ ਨੇ ਆਪਣੇ ਮੁਖੀ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਹੇਠ ਸਰਹੰਦ ਤੇ ਹਮਲਾ ਕਰ ਦਿਤਾ ਅਤੇ ਲੜਾਈ ਵਿਚ ਗਵਰਨਰ ਮਾਰਿਆ ਗਿਆ। ਖਾਲਸੇ ਨੇ ਸਰਹੰਦ ਦੇ ਇਲਾਕੇ ਨੂੰ ਆਪਸ ਵਿਚ ਵੰਡ ਲਿਆ।

**ਸਤਵਾਂ ਹਮਲਾ (ਦਸੰਬਰ ੧੭੬੪):** ਲਾਹੌਰ ਅਤੇ ਸਰਹੰਦ ਤੇ ਖਾਲਸੇ ਦਾ ਕਬਜ਼ਾ ਹੋ ਜਾਣ ਦਾ ਜਦੋਂ ਅਬਦਾਲੀ ਨੂੰ ਪਤਾ ਲੱਗਾ ਤਾਂ ਉਸਨੇ ਫਿਰ ਹਮਲਾ ਕਰ ਦਿਤਾ। ਉਸ ਵੇਲੇ ਚੜ੍ਹਤ ਸਿੰਘ ਤੋਂ ਬਿਨਾਂ ਸਾਰੇ ਮੁਖੀ ਪੰਜਾਬ ਤੋਂ ਬਾਹਰ ਸਨ। ਲਾਹੌਰ ਉੱਪਰ ਬਿਨਾਂ ਕਿਸੇ ਵਿਰੋਧ ਦੇ ਕਬਜ਼ਾ ਕਰ ਲੇਣ ਤੋਂ ਬਾਅਦ ਅਬਦਾਲੀ ਅੰਮ੍ਰਿਤਸਰ ਪਹੁੰਚ ਗਿਆ ਜਿੱਥੇ ਗੁਰਦਵਾਰਿਆਂ ਦੀ ਉਸਾਰੀ ਵਿਚ ਲੱਗੇ ਤੀਹ ਕੁ ਸਿੰਘਾਂ ਨੂੰ ਅਬਦਾਲੀ ਦੀ ਤੀਹ ਹਜ਼ਾਰ ਸ਼ਕਤੀਸ਼ਾਲੀ ਫ਼ੌਜ ਦਾ ਸਾਹਮਣਾ ਕਰਨਾ ਪਿਆ। ਬਹਾਦਰੀ ਨਾਲ ਲੜਦੇ ਹੋਏ ਉਹ ੩੦ ਸਿੰਘ ਸ਼ਹੀਦੀਆਂ ਪਾ ਗਏ ਅਤੇ ਅਬਦਾਲੀ ਦਿੱਲੀ ਵੱਲ ਵਧਿਆ। ਜਦ ਉਹ ਕੁੰਜਪੁਰ ਪਹੁੰਚਿਆ ਤਾਂ ਪਤਾ ਲਗਿਆ ਕਿ ਦੋਨੋ ਧੜਿਆਂ ਵਿਚ ਸਮਝੌਤਾ ਹੋ ਗਿਆ ਹੈ। ਅਬਦਾਲੀ ਕੁੰਜਪੁਰ ਤੋਂ ਵਾਪਸ ਚਲ ਪਿਆ।

ਅਬਦਾਲੀ ਨਾਲ ਨਜਿੱਠਣ ਵਾਸਤੇ ਜੱਸਾ ਸਿੰਘ ਆਹਲੂਵਾਲੀਆ ਨੇ ਬਾਕੀ ਦੇ ਮੁਖੀਆਂ ਨੂੰ ਬੁਲਾ ਭੇਜਿਆ। ਸਤਿਲੁਜ ਦਰਿਆ ਦੇ ਕੰਢੇ ਫ਼ਿਲੌਰ ਨੇੜੇ ਖਾਲਸੇ ਨੇ ਇਕੱਠ ਕੀਤਾ ਅਤੇ ਅਬਦਾਲੀ ਦੀ ਉਡੀਕ ਕਰਨ

ਲੱਗੇ। ਜਦੋਂ ਅਬਦਾਲੀ ਨੂੰ ਪਤਾ ਲਾਗਾ ਕਿ ਸਿੰਘ ਫ਼ਿਲੌਰ ਵਿਚ ਉਸਦਾ ਰਸਤਾ ਰੋਕ ਕੇ ਬੈਠੇ ਹਨ, ਤਾਂ ਉਸਨੇ ਰੋਪੜ ਤੋਂ ਸਤਿਲੁਜ ਦਰਿਆ ਨੂੰ ਬੇੜੀਆਂ ਰਾਹੀਂ ਪਾਰ ਕੀਤਾ। ਖਾਲਸੇ ਨੇ ਅਗਲੇ ਦਿਨ ਅਬਦਾਲੀ ਨਾਲ ਟੱਕਰ ਲਈ। ਖਾਲਸੇ ਵੱਲੋਂ ਸੱਤ ਦਿਨ ਲਗਾਤਾਰ ਗੁਰੀਲਾ ਲੜਾਈ ਕਰਦਿਆਂ ਦੇਖ ਕੇ ਅਬਦਾਲੀ ਤੰਗ ਆ ਗਿਆ ਅਤੇ ਮਾਰਚ ੧੭੬੫ ਵਿਚ ਲਾਹੌਰ ਰੁਕਣ ਦੀ ਬਜਾਏ ਰਾਵੀ ਦਰਿਆ ਪਾਰ ਕਰ ਗਿਆ। ੧੦ ਅਪ੍ਰੈਲ ੧੭੬੫ ਨੂੰ ਵਿਸਾਖੀ ਵਾਲੇ ਦਿਨ ਖਾਲਸੇ ਨੇ ਲਾਹੌਰ ਉੱਪਰ ਕਬਜ਼ਾ ਕਰਨ ਦਾ ਮਤਾ ਅੰਮ੍ਰਿਤਸਰ ਵਿਚ ਪਾਸ ਕੀਤਾ। ਭੰਗੀ ਮਿਸਲ ਦੇ ਮੁਖੀ ਨੇ ਬਿਨਾਂ ਕਿਸੇ ਲੜਾਈ ਦੇ ਲਾਹੌਰ ਉੱਪਰ ਕਬਜ਼ਾ ਕਰ ਲਿਆ। ਖਾਲਸੇ ਨੇ ਟਕਸਾਲ ਵਿਚ ਆਪਣਾ ਸਿੱਕਾ ਫਿਰ ਬਨਾਉਣਾ ਸ਼ੁਰੂ ਕਰ ਦਿਤਾ।

**ਆਖਰੀ ਹਮਲਾ (ਨਵੰਬਰ ੧੭੬੬):** ਇਸ ਹਮਲੇ ਵੇਲੇ ਅਬਦਾਲੀ ਬਿਨਾਂ ਕਿਸੇ ਵਿਰੋਧ ਦੇ ਲਾਹੌਰ ਦੇ ਨੇੜੇ ਪਹੁੰਚ ਗਿਆ। ਉਸਦੇ ਆਉਣ ਤੋਂ ਪਹਿਲਾਂ ਸਿੰਘ ਕਿਧਰੇ ਇਧਰ ਉਧਰ ਹੋ ਗਏ। ਅਬਦਾਲੀ ਸਮਝ ਗਿਆ ਕਿ ਸਿੰਘਾਂ ਨੇ ਉਸਦੇ ਨਿਯੁੱਕਤ ਕੀਤੇ ਗਵਰਨਰ ਨੂੰ ਲਾਹੌਰ ਵਿਚ ਟਿਕਣ ਨਹੀਂ ਦਿਤਾ ਅਤੇ ਪੰਜਾਬ ਦੀ ਜਨਤਾ ਖਾਲਸੇ ਦੇ ਰਾਜ ਵਿਚ ਖ਼ੁਸ਼ ਸੀ। ਅਬਦਾਲੀ ਨੇ ਹੱਸਾ ਸਿੰਘ ਆਹਲੂਵਾਲੀਆ ਅਤੇ ਹਰੀ ਸਿੰਘ ਭੰਗੀ ਪਾਸ ਆਪਣੇ ਅਹਿਲਕਾਰ ਭੇਜੇ। ਖਾਲਸੇ ਨੇ ਅਬਦਾਲੀ ਨਾਲ ਗੱਲ ਕਰਨ ਤੋਂ ਇਨਕਾਰ ਕਰ ਦਿਤਾ। ਖਾਲਸੇ ਵੱਲੋਂ ਨਾਂਹ ਵਿਚ ਉੱਤਰ ਸੁਣ ਕੇ, ਅਬਦਾਲੀ ਦਿੱਲੀ ਵੱਲ ਚਲ ਪਿਆ। ਫਿਰ ਵੀ, ਅਬਦਾਲੀ ੧੭ ਮਾਰਚ ੧੭੬੭ ਨੂੰ ਵਾਪਸ ਮੁੜ ਆਇਆ। ਖਾਲਸੇ ਦੇ ਗੁਰੀਲਾ ਹਮਲਿਆਂ ਤੋਂ ਡਰਦਾ ਹੋਇਆ ਅਬਦਾਲੀ, ਇਸ ਵਾਰ, ਅੰਮ੍ਰਿਤਸਰ-ਲਾਹੌਰ ਰਾਹੀਂ ਜਾਣ ਦੀ ਬਜਾਏ ਕਸੂਰ ਦੇ ਰਸਤੇ ਵਾਪਸ ਕਾਬੁਲ ਮੁੜ ਗਿਆ।

ਕਈ ਸਾਲ ਜੰਗਲ, ਬੇਲਿਆਂ ਅਤੇ ਪਹਾੜੀ ਗੁਫ਼ਾਵਾਂ ਵਿਚ ਸਮਾਂ ਕੱਟਣ ਤੋਂ ਬਾਅਦ ਖਾਲਸਾ ਆਪਣੇ ਦੇਸ਼ ਦਾ ਮਾਲਕ ਬਣ ਗਿਆ। ਇਹ ਪ੍ਰਾਪਤੀ ਸਿੰਘਾਂ ਨੂੰ ਗੁਰੂਆਂ ਦੀ ਬਖ਼ਸ਼ੀ ਸੇਧ ਦਾ ਸਦਕਾ ਸੀ ਕਿ ਬਹਾਦਰ ਸਿੰਘਾਂ ਦੇ ਨਾਲ ਜੱਸਾ ਸਿੰਘ ਆਹਲੂਵਾਲੀਆ ਵਰਗੇ ਆਗੂ ਦਾ ਸਾਥ ਸੀ। ਜੱਸਾ ਸਿੰਘ ਆਹਲੂਵਾਲੀਆ ਦੀ ਮਿਸਲ ਹੇਠ ਕਬਜ਼ੇ ਦਾ ਇਲਾਕਾ ਸਤਿਲੁਜ ਦਰਿਆ ਤੋਂ ਬਿਆਸ ਦਰਿਆ, ਜਲੰਧਰ, ਅੰਮ੍ਰਿਤਸਰ ਦੇ ਕੁਝ ਪਿੰਡ, ਤਰਨਤਾਰਨ ਅਤੇ ਸਤਿਲੁਜ ਤੋਂ ਦੱਖਣ ਪਾਸੇ ਕੋਈ ਤੀਹ ਚਾਲੀ ਪਿੰਡ ਸਨ। ੧੭੮੦ ਵਿਚ ਉਸਨੇ ਕਪੂਰਥਲਾ ਉੱਪਰ ਕਬਜ਼ਾ ਕਰ ਕੇ ਇਸਨੂੰ ਆਪਣੇ ਰਾਜ ਵਿਚ ਮਿਲਾ ਲਿਆ।

ਜੱਸਾ ਸਿੰਘ ਆਹਲੂਵਾਲੀਆ ੨੦ ਅਕਤੂਬਰ ੧੭੮੩ ਨੂੰ ਅੰਮ੍ਰਿਤਸਰ ਨੇੜੇ ਪਰਲੋਕ ਸਧਾਰ ਗਿਆ। ਉਸਨੇ ੩੫ ਸਾਲ ਸਿੱਖਾਂ ਦੀ ਅਗਵਾਈ ਕੀਤੀ ਜਿਸ ਦੌਰਾਨ ਖਾਲਸਾ, ਜਿਹੜਾ ਕਿ ਜੰਗਲਾਂ, ਬੇਲਿਆਂ, ਅਤੇ ਪਹਾੜੀ ਗੁਫ਼ਾਵਾਂ ਵਿਚ ਲੁਕ ਛਿਪ ਕੇ ਦਿਨ ਕਟਦਾ ਰਿਹਾ, ਉਹ ਸਿੰਘ ਦਰਿਆ ਸਿੰਧ ਤੋਂ ਗੰਗਾ ਦਰਿਆ ਤੱਕ ਦੇ ਵਿਚਲੇ ਇਲਾਕੇ ਦੇ ਹਾਕਮ ਬਣ ਗਏ।

*********************

# ੪. ਸੁੱਖਾ ਸਿੰਘ

**ਸੁ**ੱਖਾ ਸਿੰਘ ਦਾ ਜਨਮ ਜਨਵਰੀ ੧੭੦੭ ਵਿਚ ਲਾਹੌਰ ਦੇ ਪਿੰਡ ਮਾੜੀ ਕੰਬੋਕੀ ਵਿਚ ਹੋਇਆ। ਉਸਦੇ ਪਿਤਾ ਸ੍ਰੀ ਲੱਧਾ ਕਲਸੀ ਇਕ ਤਰਖਾਣ ਸੀ। ੧੭੨੧ ਵਿਚ ਵੈਸਾਖੀ ਦੇ ਦਿਨ ਖਾਲਸੇ ਦਾ ਅੰਮ੍ਰਿਤਸਰ ਵਿਚ ਇਕੱਠ ਹੋਇਆ। ਬਾਬਾ ਬੰਦਾ ਸਿੰਘ ਬਹਾਦੁਰ ਦੀ ਸ਼ਹੀਦੀ ਤੋਂ ਬਾਅਦ ਖਾਲਸੇ ਦਾ ਇਹ ਇਕ ਬਹੁਤ ਵੱਡਾ ਇਕੱਠ ਸੀ। ਸ਼ਰਧਾਲੂ ਸਿੱਖ ਦੂਰ ਦੂਰ ਤੋਂ ਇਸ ਇਕੱਠ ਵਿਚ ਸ਼ਾਮਲ ਹੋਣ ਲਈ ਪਹੁੰਚੇ। ਇਸ ਇਕੱਠ ਵਿਚ ਸੁੱਖਾ ਸਿੰਘ ਦੇ ਆਉਣ ਦਾ ਵੀ ਸਬੱਬ ਬਣ ਗਿਆ। ਉਸਨੂੰ ਸਿੱਖ ਜੀਵਨ ਦਾ ਰਹਿਣ ਸਹਿਣ ਚੰਗਾ ਲੱਗਾ ਅਤੇ ਉਸਨੇ ਸਿੱਖ ਬਣਨ ਦਾ ਫ਼ੈਸਲਾ ਕਰ ਲਿਆ। ਸਿੱਖ ਸ਼ਰਧਾਲੂਆਂ ਦੀ ਸੇਵਾ ਕਰਨ ਹਿਤ ਸੁੱਖਾ ਸਿੰਘ ਵਿਸਾਖੀ ਦੇ ਮੇਲੇ ਤੋਂ ਬਾਅਦ ਗੁਰਦੁਆਰੇ ਵਿਚ ਹੀ ਰਹਿ ਗਿਆ। ਮੇਲੇ ਵਿਚ ਇਕੱਠੇ ਹੋਏ ਸਿੱਖਾਂ ਨੇ ਆਪਣੇ ਆਪ ਨੂੰ ਛੋਟੇ ਛੋਟੇ ਜਥਿਆਂ ਵਿਚ ਜਥੇਬੰਦ ਕਰ ਲਿਆ। ਉਹਨਾਂ ਜਥਿਆਂ ਨੇ ਪਿੰਡ ਪਿੰਡ ਜਾ ਕੇ ਉਹਨਾਂ ਲੋਕਾਂ ਨੂੰ ਸੋਧਣ ਦੀ ਕੋਸ਼ਸ਼ ਕੀਤੀ ਜਿਹਨਾਂ ਨੇ ਸਿੰਘਾਂ ਦੇ ਘਰਾਂ ਨੂੰ ਲੁੱਟਿਆ ਸੀ ਅਤੇ ਜ਼ੁਲਮ ਵੀ ਕੀਤੇ ਸਨ। ਇਸਤਰ੍ਹਾਂ ਦੇ ਖ਼ੂਨ-ਕਰਾਬੇ ਦੀ ਖ਼ਬਰ ਮਿਲਣ ਤੇ ਲਾਹੌਰ ਦੇ ਗਵਰਨਰ ਨੇ ਪਿੰਡਾਂ ਦੇ ਮੁਖੀਆਂ ਨੂੰ ਹੁਕਮ ਕੀਤਾ ਕਿ ਸਿੱਖਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇ। ਗਵਰਨਰ ਦੇ ਡਰ ਕਰਕੇ ਪਿੰਡਾਂ ਦੇ ਮੁਖੀਆਂ ਨੇ ਸਿੱਖਾਂ ਨੂੰ ਸਰਕਾਰ ਦੇ ਹਵਾਲੇ ਕਰਨਾ ਸ਼ੁਰੂ ਕਰ ਦਿਤਾ।

੯ ਮਹੀਨੇ ਅੰਮ੍ਰਿਤਸਰ ਰਹਿ ਕੇ ਸੁੱਖਾ ਸਿੰਘ ਆਪਣੇ ਪਿੰਡ ਮਾੜੀ ਕੰਬੋਕੀ ਵਾਪਸ ਪਰਤ ਆਇਆ। ਉਸਦੀ ਪਗੜੀ ਅਤੇ ਲੰਬੇ ਵਾਲ ਦੇਖ ਕੇ ਪਿੰਡ ਦੇ ਮੁਖੀ ਨੇ ਉਸਦੀ ਮਾਤਾ ਨੂੰ ਕਿਹਾ: "ਤੇਰਾ ਪੁੱਤਰ ਸਿੰਘ ਬਣ ਗਿਆ ਹੈ। ਜੇ ਕਿਸੇ ਨੇ ਗਵਰਨਰ ਨੂੰ ਇਤਲਾਹ ਦੇ ਦਿਤੀ ਤਾਂ ਉਹ ਪਿੰਡ ਨੂੰ ਘੇਰਾ ਪਾਉਣ ਲਈ ਫ਼ੌਜ ਭੇਜ ਦੇਵੇਗਾ। ਕਿਰਪਾ ਕਰਕੇ ਇਸਨੂੰ ਆਖੋ ਕਿ ਪਗੜੀ ਬੰਨ੍ਹਣੀ ਅਤੇ ਲੰਬੇ ਵਾਲ ਰਖਣੇ ਛੱਡ ਦੇਵੇ"। ਸੁੱਖਾਂ ਸਿੰਘ ਦੇ ਮਾਪਿਆਂ ਨੇ ਉਸਨੂੰ ਇਸਤਰ੍ਹਾਂ ਕਰਨ ਲਈ ਬੇਨਤੀ ਕੀਤੀ, ਪਰ ਉਹ ਨਾ ਮੰਨਿਆ। ਸਰਕਾਰ ਦੇ ਜ਼ੁਲਮਾਂ ਤੋਂ ਡਰਦੇ ਹੋਏ, ਉਸਦੀ ਮਾਤਾ ਨੇ ਉਸਨੂੰ ਚਰਸ ਦੀਆਂ ਗੋਲੀਆਂ ਦੇ ਦਿਤੀਆਂ। ਜਦ ਉਹ ਨਸ਼ੇ ਵਿਚ ਬੇਹੋਸ਼ ਹੋ ਗਿਆ, ਉਸ ਦੀ ਮਾਤਾ ਨੇ ਉਸਦੇ ਵਾਲ ਕਟਵਾ ਦਿਤੇ। ਜਦ ਉਹ ਹੋਸ਼ ਵਿਚ ਆਇਆ, ਸੁੱਖਾ ਸਿੰਘ ਨੇ ਆਪਣੇ ਵਾਲ ਕੱਟੇ ਹੋਏ ਦੇਖੇ। ਉਸਨੇ ਮਰਨ ਲਈ ਖੂਹ ਵਿਚ ਛਾਲ ਮਾਰ ਦਿਤੀ। ਖੂਹ ਦਾ ਪਾਣੀ ਬਹੁਤ ਡੂੰਘਾ ਨਹੀਂ ਸੀ, ਅਤੇ ਉਹ ਮਰਿਆ ਨਾ। ਪਿੰਡ ਦੇ ਲੋਕਾਂ ਨੇ ਉਸਨੂੰ ਬਚਾਉਣ ਦੀ ਕੋਸ਼ਸ਼ ਕੀਤੀ ਅਤੇ ਉਸਨੂੰ ਖੂਹ ਵਿਚੋਂ ਬਾਹਰ ਕੱਢਿਆ। ਸੁੱਖਾਂ ਸਿੰਘ ਨੇ ਲੋਕਾਂ ਨੂੰ ਕਿਹਾ: "ਮੈਨੂੰ ਖੂਹ ਵਿਚ ਹੀ ਰਹਿਣ ਦਿਓ। ਮੈਂ ਵਾਲਾਂ ਤੋਂ ਬਿਨਾਂ ਮਰਨਾ ਚੰਗਾ ਸਮਝਦਾ ਹਾਂ"।

ਸ਼ੁੱਖਾ ਸਿੰਘ ਦੇ ਇਹ ਲਫ਼ਜ਼ ਸੁਣਕੇ, ਉਸਨੂੰ ਬਚਾਉਣ ਵਾਲਿਆਂ ਵਿਚੋਂ ਇਕ ਨੇ ਕਿਹਾ: "ਮਰਨਾ ਹੈ ਤਾਂ ਕੋਈ ਚੰਗਾ ਕੰਮ ਕਰਕੇ ਮਰ। ਇਸਤਰ੍ਹਾਂ ਡੁੱਬ ਕੇ ਮਰਨ ਨਾਲ ਕਿਸੇ ਨੂੰ ਕੋਈ ਫ਼ਾਇਦਾ ਨਹੀਂ ਹੋਣਾ"। ਇਸਤਰ੍ਹਾਂ ਕਹੇ ਜਾਣ ਤੇ, ਸੁੱਖਾ ਸਿੰਘ ਖੂਹ ਵਿਚੋਂ ਬਾਹਰ ਆਗਿਆ। ਕੁਛ ਦਿੰਨਾਂ ਬਾਅਦ ਉਹ ਸ਼ਾਮ ਸਿੰਘ ਅਟਾਰੀ ਦੇ ਜਥੈ ਵਿਚ ਸ਼ਾਮਲ ਹੋ ਗਿਆ, ਜੋ ਕਿ ਉਹਨਾਂ ਦੇ ਪਿੰਡ ਲਾਗਿਓਂ ਲੰਘ ਰਿਹਾ ਸੀ।

ਸੁੱਖਾ ਸਿੰਘ ਨੇ ਪਿੰਡ ਦੇ ਮੁਖੀ ਦੀ ਘੋੜੀ ਨੂੰ ਵੀ ਨਾਲ ਲੈ ਲਿਆ। ਸੁੱਖਾ ਸਿੰਘ ਕੱਟੜ ਰੂਪ ਵਿਚ ਸਿੰਘ ਬਣ ਗਿਆ ਅਤੇ ਸ਼ਾਮ ਸਿੰਘ ਪਾਸੋਂ ਅੰਮ੍ਰਿਤ ਛਕ ਲਿਆ। ਸੁੱਖਾ ਸਿੰਘ ਹਾਲੇ ਪੰਦਰਾਂ ਕੁ ਸਾਲਾਂ ਦਾ ਹੀ ਸੀ ਜਦ ਉਹ ਜਥੇ ਵਿਚ ਸ਼ਾਮਲ ਹੋ ਗਿਆ। ਉਸਦੀ ਸੇਵਾ ਭਾਚਨਾ ਵਾਲੀ ਬਿਰਤੀ ਦੇਖਦਿਆ, ਜਥੇ ਦਾ ਮੁਖੀ ਸ਼ਾਮ ਸਿੰਘ ਉਸਨੂੰ ਪੁੱਤਰ ਦੀ ਤਰ੍ਹਾਂ ਪਿਆਰ ਕਰਦਾ ਸੀ। ਜਥੇ ਵਿਚ ਰਹਿੰਦਿਆਂ, ਸੁੱਖਾ ਸਿੰਘ ਨੇ ਹਥਿਆਰਾਂ ਦੀ ਵਰਤੋਂ ਸਿੱਖਣ ਦੇ ਨਾਲ ਨਾਲ ਗੁਰਬਾਣੀ ਦਾ ਪਾਠ ਕਰਨਾ ਅਤੇ ਸੰਗੀਤ ਸਾਜ਼ ਵਜਾਉਣੇ ਵੀ ਸਿੱਖੇ।

ਇਕ ਵਾਰ ਸੁੱਖਾ ਸਿੰਘ ਦਾ ਜਥਾ ਮਾੜੀ ਕੰਬੋਕੀ ਪਿੰਡ ਲਾਗਿਓਂ ਲੰਘ ਰਿਹਾ ਸੀ। ਆਪਣੇ ਜਥੇ ਦੇ ਮੁਖੀ ਦੀ ਆਗਿਆ ਲੈ ਕੇ ਉਹ ਪਿੰਡ ਦੇ ਮੁਖੀ ਨੂੰ ਮਿਲਣ ਗਿਆ ਜਿਸਦੀ ਘੋੜੀ ਉਹ ਲੈ ਗਿਆ ਸੀ। ਉਸਨੇ ਆਪਣੀ ਗਲਤੀ ਦੀ ਮੁਆਫ਼ੀ ਮੰਗੀ ਅਤੇ ਘੋੜੀ ਦੇ ਮੁੱਲ ਦੇ ਪੈਸੇ ਉਸਦੇ ਅੱਗੇ ਰਖ ਦਿਤੇ। ਮੁਖੀ ਨੇ ਪੈਸੇ ਲੈਣ ਤੋਂ ਇਨਕਾਰ ਕਰ ਦਿਤਾ ਅਤੇ ਕਿਹਾ: "ਮੈਂ ਉਸ ਬੰਦੇ ਕੋਲੋਂ ਪੈਸੇ ਨਹੀਂ ਲੈ ਸਕਦਾ ਜੋ ਆਪਣੀ ਜਾਨ ਨੂੰ ਖਤਰੇ ਵਿਚ ਪਾ ਕੇ ਸਰਕਾਰ ਦੇ ਜ਼ੁਲਮਾਂ ਵਿਰੁੱਧ ਲੜ ਰਿਹਾ ਹੈ"। ਪਿੰਡ ਦੇ ਮੁਖੀ ਵੱਲੋਂ ਇਹ ਲਫ਼ਜ਼ ਸੁਣਕੇ ਸੁੱਖਾ ਸਿੰਘ ਨੇ ਉਸਦਾ ਧੰਨਵਾਦ ਕੀਤਾ ਅਤੇ ਮੁੜ ਆਪਣੇ ਜਥੇ ਵਿਚ ਆ ਰਲਿਆ।

## ਸੁੱਖਾ ਸਿੰਘ ਦੇ ਸਿਰਲੱਥ-ਹਿੰਮਤੀ ਕਾਰਨਾਮੇ

੧੭੩੬ ਵਿਚ ਦੀਵਾਨ ਲਖਪਤ ਰਾਏ ਨੇ ਦੀਵਾਲੀ ਦੇ ਮੌਕੇ ਇਕੱਠੇ ਹੋਏ ਸਿੰਘਾਂ ਉੱਪਰ ਹਮਲਾ ਕਰ ਦਿਤਾ। ਜਦ ਸਿੰਘਾਂ ਨੇ ਬਹਾਦਰੀ ਨਾਲ ਮੁਕਾਬਲਾ ਕੀਤਾ ਤਾਂ ਉਹ ਲਾਹੌਰ ਵੱਲ ਦੌੜ ਗਿਆ। ਲਾਹੌਰ ਦੇ ਗਵਰਨਰ ਨੇ ਹਰਿਮੰਦਰ ਉੱਪਰ ਸਖ਼ਤ ਨਿਗਰਾਨੀ ਰੱਖਣ ਲਈ ਦੋ ਹਜ਼ਾਰ ਸ਼ਕਤੀਸ਼ਾਲੀ ਫ਼ੌਜ ਤਾਇਨਾਤ ਕਰ ਦਿੱਤੀ। ਇਸ ਨਿਗਰਾਨੀ ਦੇ ਬਾਵਜੂਦ, ਇਕ ਦਿਨ ਸੁੱਖਾ ਸਿੰਘ ਅਤੇ ਥਾਰਜ ਸਿੰਘ ਸਵੇਰੇ ਅੰਮ੍ਰਿਤ ਵੇਲੇ ਹਰਿਮੰਦਰ ਸਾਹਿਬ ਪਹੁੰਚ ਗਏ ਅਤੇ ਪਵਿੱਤਰ ਸਰੋਵਰ ਵਿਚ ਇਸ਼ਨਾਨ ਕੀਤਾ। ਇਥੋਂ ਵਾਪਸ ਜਾਣ ਵੇਲੇ ਉਹਨਾਂ ਪੂਰੀ ਗਰਜਵੀਂ ਆਵਾਜ਼ ਵਿਚ ਫ਼ਤਹਿ ਬੁਲਾਈ: "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ"। ਇਸ ਆਵਾਜ਼ ਨੂੰ ਸੁਣਕੇ ਕਾਜ਼ੀ ਅਬਦੁਲ ਰਹਿਮਾਨ ਨੇ ਸਿੱਖਾਂ ਉੱਪਰ ਹਮਲਾ ਬੋਲ ਦਿੱਤਾ। ਲੜਾਈ ਵਿਚ ਅਬਦੁਲ ਰਹਿਮਾਨ ਮਾਰਿਆ ਗਿਆ ਅਤੇ ਸਿੱਖ ਆਪਣੇ ਜਥੇ ਵਿਚ ਜਾ ਮਿਲੇ।

ਅਕਤੂਬਰ ੧੭੩੮ ਵਿਚ ਮੱਸਾ ਰੰਗੜ ਅੰਮ੍ਰਿਤਸਰ ਦਾ ਪੁਲਿਸ ਚੀਫ਼ ਬਣ ਗਿਆ। ਉਸਨੇ ਹਰਿਮੰਦਰ ਨੂੰ ਇਕ ਨਾਚ-ਘਰ ਅਤੇ ਸ਼ਰਾਬਖਾਨੇ ਵਿਚ ਬਦਲ ਦਿੱਤਾ। ਉਹ ਆਪਣੇ ਬਿਸਤਰ ਤੇ ਬੈਠ ਕੇ ਹੁੱਕਾ ਪੀਂਦਿਆਂ ਨਚਦੀਆ ਕੁੜੀਆਂ ਦਾ ਨਾਚ ਦੇਖਦਾ। ਇਸਤੋਂ ਪਹਿਲਾਂ ਉਸਨੇ ਅੰਮ੍ਰਿਤਸਰ ਵਿਚ ਸਿੱਖਾਂ ਨੂੰ ਖਤਮ ਕੀਤਾ, ਅਤੇ ਫਿਰ ਹਿੰਦੂਆਂ ਨੂੰ ਤੰਗ ਕਰਨ ਲੱਗਾ। ਜਦ ਤੇਜ ਰਾਮ ਦਾ ਘਰ ਲੁੱਟ ਲਿਆ ਗਿਆ ਤਾਂ ਉਹ ਬੀਕਾਨੇਰ ਪਹੁੰਚ ਗਿਆ। ਉਸਨੇ ਜਥੇ ਦੇ ਚੀਫ਼ ਸ਼ਾਮ ਸਿੰਘ ਅਟਾਰੀ ਨੂੰ ਹਰਿਮੰਦਰ ਵਿਚ ਹੋ ਰਹੀਆਂ ਕੁਰੀਤੀਆਂ ਬਾਰੇ ਦਸਿਆ। ਇਹਨਾਂ ਕੁਰੀਤੀਆਂ ਬਾਰੇ ਸੁਣ ਕੇ, ਸੁੱਖਾ ਸਿੰਘ ਅਤੇ ਮਹਿਤਾਬ

ਸਿੰਘ ਮੱਸਾ ਰੰਗੜ ਨੂੰ ਸਜ਼ਾ ਦੇਣ ਲਈ ਹਰਿਮੰਦਰ ਸਾਹਿਬ ਪਹੁੰਚ ਗਏ। ਬੜੀ ਹੁਸ਼ਿਆਰੀ ਅਤੇ ਹਿੰਮਤ ਸਦਕਾ ਉਹਨਾਂ ਨੇ ਮੱਸਾ ਰੰਗੜ ਦਾ ਕਟਿਆ ਸਿਰ ਤੀਜੇ ਦਿਨ ਅਪਣੇ ਚੀਫ਼ ਨੂੰ ਆ ਪੇਸ਼ ਕੀਤਾ।

ਜਨਵਰੀ ੧੭੪੬ ਵਿਚ, ਸੁੱਖਾ ਸਿੰਘ ਅਤੇ ਜੱਸਾ ਸਿੰਘ ਆਹਲੂਵਾਲੀਆ ਆਪਣੇ ਜਥਿਆਂ ਨਾਲ ਪਹਾੜਾ ਵੱਲ ਜਾ ਰਹੇ ਸਨ। ਜਦ ਉਹ ਆਪਣਾ ਪਰਸ਼ਾਦਾ ਪਕਾਉਣ ਲਈ ਰੋੜੀ ਸਾਹਿਬ ਰੁਕੇ ਤਾਂ ਐਮਨਾਬਾਦ ਦੇ ਕਮਾਂਡਰ ਜਸਪਤ ਰਾਏ ਨੇ ਉਹਨਾਂ ਉੱਪਰ ਹਮਲਾ ਕਰ ਦਿੱਤਾ। ਲੜਾਈ ਵਿਚ ਜਸਪਤ ਰਾਏ ਮਾਰਿਆ ਗਿਆ ਅਤੇ ਫ਼ੌਜ ਦੌੜ ਗਈ। ਫਿਰ ਉਸ ਨੇ ਆਪਣੇ ਜਥੇ ਨੂੰ ਦੂਜੇ ਜਥਿਆਂ ਨਾਲ ਜਾ ਰਲਾਇਆ ਜਿਹੜੇ ਕਾਹਨੂਵਾਨ ਦੀਆਂ ਜੂਹਾਂ ਵਿਚ ਆਪਣੇ ਜਥਿਆਂ ਨਾਲ ਬੈਠੇ ਹੋਏ ਸਨ। ਜਦ ਦੀਵਾਨ ਲਖਪਤ ਰਾਏ ਨੂੰ ਸਿੱਖਾ ਹੱਥੋਂ ਆਪਣੇ ਭਰਾ ਦੇ ਕਤਲ ਕੀਤੇ ਜਾਣ ਦੀ ਖਬਰ ਮਿਲੀ ਤਾਂ ਉਸਨੇ ਲਾਹੌਰ ਵਿਚ ਸਾਰੇ ਸਿੱਖ ਕਤਲ ਕਰ ਦਿੱਤੇ ਅਤੇ ਜੰਗਲਾਂ ਵਿਚ ਰਹਿੰਦਿਆਂ ਉੱਪਰ ਵੀ ਹਮਲੇ ਕੀਤੇ। ਇਸ ਘੱਲੂਘਾਰੇ ਵਿਚ ਤੋਪ ਦਾ ਇਕ ਗੋਲਾ ਸੁੱਖਾ ਸਿੰਘ ਦੀ ਲੱਤ ਤੇ ਲੱਗਾ ਜਦ ਉਹ ਲਖਪਤ ਰਾਏ ਤੇ ਹਮਲਾ ਕਰਨ ਲਈ ਅੱਗੇ ਵਧ ਰਿਹਾ ਸੀ। ਤੋਪ ਦੇ ਉਸ ਗੋਲੇ ਨਾਲ ਸੁੱਖਾ ਸਿੰਘ ਦੀ ਲੱਤ ਟੁੱਟ ਗਈ ਅਤੇ ਉਹ ਆਪਣਾ ਮਕਸਦ ਪੂਰਾ ਨਾ ਕਰ ਸਕਿਆ। ਜੈਤੋ ਪਹੁੰਚ ਕੇ ਸੁੱਖਾ ਸਿੰਘ ਨੇ ਆਪਣੀ ਲੱਤ ਦਾ ਇਲਾਜ ਕਰਵਾਇਆ। ਛੇ ਮਹੀਨੇ ਦੇ ਇਲਾਜ ਤੋਂ ਬਾਅਦ, ਉਹ ਮੁੜ ਪੈਰਾਂ ਸਿਰ ਖੜਾ ਹੋ ਗਿਆ ਅਤੇ ਫਿਰ ਲੜਾਈਆ ਵਿਚ ਆਪਣੇ ਕਾਰਨਾਮੇ ਦਿਖਾਉਣ ਲੱਗ ਪਿਆ।

ਹਰਿਮੰਦਰ ਸਾਹਿਬ ਦੇ ਦੁਆਲੇ ਭਾਰੀ ਪਹਿਰਾਬੰਦੀ ਹੋਣ ਦੇ ਬਾਵਜੂਦ, ਸੁੱਖਾ ਸਿੰਘ ਅੰਦਰ ਗਿਆ ਅਤੇ ਸਰੋਵਰ ਵਿਚ ਇਸ਼ਨਾਨ ਕੀਤਾ। ਪਹਿਲੇ ਹਮਲੇ ਵੇਲੇ, ਅਬਦਾਲੀ ਦਿੱਲੀ ਚਲਾ ਗਿਆ ਅਤੇ ਪਿੱਛੇ ਲਾਹੌਰ ਵਿਚ ਪ੍ਰਬੰਧ ਕਰਨ ਲਈ ਪਠਾਨੀ ਫ਼ੌਜ ਛੱਡ ਗਿਆ। ਸੁੱਖਾ ਸਿੰਘ ਨੇ ਇਕ ਬਹੁਤ ਬਹਾਦਰ ਗਿਰਜਾ ਪਠਾਨ ਦਾ ਕਤਲ ਕਰ ਕੇ ਉਸ ਫ਼ੌਜ ਦੇ ਹੋਸ਼ੋ-ਹਵਾਸ ਉਡਾ ਦਿੱਤੇ। ਅਬਦਾਲੀ ਨੇ ਦਸੰਬਰ ੧੭੫੧ ਵਿਚ ਭਾਰਤ ਤੇ ਤੀਜਾ ਹਮਲਾ ਕੀਤਾ। ਮੀਰ ਮੁੰਨੂ ਨੇ ਦੀਵਾਨ ਕੌੜਾ ਮਲ ਨੂੰ ਬੁਲਾਇਆ ਅਤੇ ਸਿੱਖਾਂ ਨੂੰ ਲਾਹੌਰ ਵਿਚ ਮਦਦ ਲਈ ਕਿਹਾ। ਇਕ ਦਿਨ ਜਦ ਕਿ ਸੁੱਖਾ ਸਿੰਘ ਆਪਣੇ ਕੁਝ ਸਿੰਘਾਂ ਨਾਲ ਅਬਦਾਲੀ ਤੱਕ ਪੁੱਜਣ ਲਈ ਰਾਵੀ ਪਾਰ ਕਰ ਰਿਹਾ ਸੀ ਤਾਂ ਉਹ ਉਸ ਤੱਕ ਪਹੁੰਚਣ ਤੋਂ ਪਹਿਲਾਂ ਹੀ ਸ਼ਹੀਦ ਹੋ ਗਿਆ।

******************

# ੫. ਜੱਸਾ ਸਿੰਘ ਰਾਮਗੜ੍ਹੀਆ

ਜੱਸਾ ਸਿੰਘ ਦਾ ਜਨਮ ੧੭੨੩ ਈਸਵੀ ਵਿਚ ਲਾਹੌਰ (ਪੂਰਵ ਭਾਰਤ ਵੰਡ) ਜ਼ਿਲੇ ਵਿਚ ਹੋਇਆ। ਆਪ ਜੀ ਦੇ ਦਾਦਾ ਜੀ ਭਾਈ ਹਰਦਾਸ ਸਿੰਘ ਨੇ ਗੁਰੁ ਗੋਬਿੰਦ ਸਿੰਘ ਜੀ ਪਾਸੋਂ ਅੰਮ੍ਰਿਤ ਛਕਿਆ ਸੀ। ਉਹਨਾਂ ਨੇ ਗੁਰੁ ਗੋਬਿੰਦ ਸਿੰਘ ਜੀ ਨਾਲ ਅਤੇ ਬੰਦਾ ਬਹਾਦੁਰ ਨਾਲ ਮਿਲਕੇ ਲੜਾਈਆਂ ਲੜੀਆਂ। ਜੱਸਾ ਸਿੰਘ ਦੇ ਪਿਤਾ ਜੀ ਦਾ ਨਾਮ ਭਗਵਾਨ ਸਿੰਘ ਸੀ। ਜੱਸਾ ਸਿੰਘ ਨੇ ਵੱਡਾ ਹੋਣ ਤੱਕ ਧਾਰਮਿਕ ਗਰੰਥ ਪੜ੍ਹਨ ਦੇ ਨਾਲ ਫ਼ਾਰਸੀ ਦੀ ਪੜ੍ਹਾਈ ਕੀਤੀ ਅਤੇ ਪਿਤਾ ਜੀ ਪਾਸੋਂ ਸ਼ਸਤਰ ਵਿੱਦਿਆ ਹਾਸਲ ਕੀਤੀ।

ਮਈ ੧੭੩੮ ਵਿਚ ਨਾਦਰ ਸ਼ਾਹ ਭਾਰਤ ਉੱਤੇ ਹਮਲਾ ਕਰਨ ਲਈ ਇਰਾਨ ਤੋਂ ਚਲਿਆ। ਜ਼ਕਰੀਆ ਖਾਨ ਉਸ ਵੇਲੇ ਲਾਹੌਰ ਦਾ ਗਵਰਨਰ ਸੀ ਅਤੇ ਉਸਨੇ ਲਾਹੌਰ ਸ਼ਹਿਰ ਦੀ ਰਖਵਾਲੀ ਵਾਸਤੇ ਤਿਆਰੀਆਂ ਸ਼ੁਰੂ ਕਰ ਦਿਤੀਆਂ। ਸਿੱਖਾਂ ਤੇ ਅਨੇਕਾਂ ਬੰਦਸ਼ਾਂ ਲਗੀਆਂ ਹੋਈਆਂ ਸਨ ਕਿਉਂਕਿ ਉਹਨਾਂ ਨੂੰ ਬਗ਼ਾਵਤੀ ਸਮਝਿਆ ਜਾਂਦਾ ਸੀ। ਜ਼ਕਰੀਆ ਖਾਨ ਨੇ ਸਿੱਖਾਂ ਤੋਂ ਕੁਝ ਬੰਦਸ਼ਾਂ ਹਟਾ ਦਿਤੀਆਂ ਤਾਕਿ ਉਹਨਾਂ ਨੂੰ ਫ਼ੌਜ ਵਿਚ ਭਰਤੀ ਕੀਤਾ ਜਾ ਸਕੇ। ਜੱਸਾ ਸਿੰਘ ਦਾ ਪਿਤਾ ਗਿਆਨੀ ਭਗਵਾਨ ਸਿੰਘ ਗਵਰਨਰ ਦੀ ਫ਼ੌਜ ਵਿਚ ਭਰਤੀ ਹੋ ਗਿਆ। ਉਹ ਇਤਨਾ ਕਾਬਲ ਸੀ ਕਿ ਉਸਨੂੰ ੧੦੦ ਸਿਪਾਹੀਆਂ ਦਾ ਕਮਾਂਡਰ ਬਣਾ ਦਿਤਾ ਗਿਆ। ਗਿਆਨੀ ਭਗਵਾਨ ਸਿੰਘ ਨਾਦਰ ਸ਼ਾਹ ਦੀਆਂ ਫ਼ੌਜਾਂ ਨਾਲ ਲੜਦਾ ਹੋਇਆ ਜਨਵਰੀ ੧੭੩੯ ਵਿਚ ਸ਼ਹੀਦ ਹੋ ਗਿਆ। ਜੱਸਾ ਸਿੰਘ ਵੀ ਆਪਣੇ ਪਿਤਾ ਜੀ ਦੀ ਫ਼ੌਜ ਵਿਚ ਲੜਦਾ ਰਿਹਾ। ਗਿਆਨੀ ਭਗਵਾਨ ਸਿੰਘ ਦੀਆਂ ਸੇਵਾਵਾਂ ਤੇ ਜ਼ਕਰੀਆ ਖਾਨ ਇਤਨਾ ਖ਼ੁਸ਼ ਹੋਇਆ ਕਿ ਉਸਨੇ ਗਿਆਨੀ ਭਗਵਾਨ ਸਿੰਘ ਦੇ ਪਰਵਾਰ ਨੂੰ ਇਨਾਮ ਵਜੋਂ ੫ ਪਿੰਡ ਦਿਤੇ। ਇਸ ਜਾਇਦਾਦ ਦਾ ਪ੍ਰਬੰਧ ਕਰਨ ਹਿਤ ਜੱਸਾ ਸਿੰਘ ਨੇ ਫ਼ੌਜੀ ਨੌਕਰੀ ਛੱਡ ਦਿਤੀ। ਇਕ ਵਾਰ ਉਸਦਾ ਸਾਹਮਣਾ ਅਦੀਨਾ ਬੇਗ਼ ਨਾਲ ਹੋ ਗਿਆ ਜਿਹੜਾ ਉਸ ਵੇਲੇ ਜਲੰਧਰ ਦਾ ਕਮਾਂਡਰ ਸੀ। ਜੱਸਾ ਸਿੰਘ ਨੇ ਆਪਣੀ ਸ਼ਾਨਦਾਰ ਤਲਵਾਰਬਾਜ਼ੀ ਸਦਕਾ ਅਦੀਨਾ ਬੇਗ਼ ਨੂੰ ਆਸਾਨੀ ਨਾਲ ਹਰਾ ਦਿਤਾ।

੧੭੪੫ ਵਿਚ ਜ਼ਕਰੀਆ ਖਾਨ ਦੀ ਮੌਤ ਹੋ ਗਈ ਅਤੇ ਲਾਹੌਰ ਦੀ ਗਵਰਨਰੀ ਹਾਸਲ ਕਰਨ ਲਈ ਉਸਦੇ ਦੋਨਾਂ ਪੁੱਤਰਾਂ ਵਿਚ ਲੜਾਈ ਹੋ ਗਈ। ਕਿਉਂਕਿ ਸਰਕਾਰ ਉਸ ਵੇਲੇ ਗੜਬੜੀ ਦੀ ਹਾਲਤ ਵਿਚ ਸੀ, ਸਿੱਖ, ਜਿਹੜੇ ਉਸ ਵੇਲੇ ਜ਼ਾਲਮਾਨਾ ਹਾਲਾਤ ਕਾਰਨ ਲਾਹੌਰ ਛੱਡ ਗਏ ਸਨ, ਆਪਣੇ ਆਪ ਨੂੰ ਫਿਰ ਜਥੇਬੰਦੀਆਂ ਵਿਚ ਗਠਬੰਧ ਕਰਨਾ ਸ਼ੁਰੂ ਕੀਤਾ। ਬਹੁਤ ਸਾਰੇ ਸਿੱਖ ਲਾਹੌਰ ਵਾਪਸ ਆ ਗਏ ਅਤੇ ਬਹੁਤ ਸਾਰੇ ਲੋਕ ਜਿਹੜੇ ਸਰਕਾਰੀ ਜ਼ੁਲਮ ਤੋਂ ਤੰਗ ਆਏ ਹੋਏ ਸਨ, ਉਹ ਖਾਲਸੇ ਨਾਲ ਰਲ ਗਏ।

ਜੱਸਾ ਸਿੰਘ ਨੇ ਆਪਣੀ ਜ਼ਮੀਨ ਦੇ ਪ੍ਰਬੰਧ ਨੂੰ ਛੱਡ ਕੇ ਨੰਦ ਸਿੰਘ ਦੇ ਜਥੇ ਵਿਚ ਰਲਣ ਦਾ ਫ਼ੈਸਲਾ ਕੀਤਾ। ਆਪਣੀ ਬਹਾਦਰੀ ਸਦਕਾ ਉਹ ਮਸ਼ਹੂਰ ਹੋ ਗਿਆ ਅਤੇ ਨੰਦ ਸਿੰਘ ਦੀ ਮੌਤ ਪਿਛੋਂ ਉਸਨੇ ਜਥੇ ਦੀ ਵਾਗਡੋਰ ਸੰਭਾਲ ਲਈ।

੧੭੪੭ ਵਿਚ ਅਹਿਮਦ ਸ਼ਾਹ ਅਬਦਾਲੀ ਨੇ ਪਹਿਲੀ ਵਾਰ ਭਾਰਤ ਤੇ ਹਮਲਾ ਕੀਤਾ। ਉਸਨੇ ਲਾਹੌਰ ਦੇ ਗਵਰਨਰ ਸ਼ਾਹ ਨਵਾਜ਼ ਨੂੰ ਹਰਾ ਦਿਤਾ ਅਤੇ ਦਿੱਲੀ ਤੇ ਹਮਲਾ ਕਰਨ ਲਈ ਅੱਗੇ ਵਧਿਆ। ਉਸਨੇ ਲਾਹੌਰ ਤੋਂ ਵੀ ਫ਼ੌਜ ਨੂੰ ਨਾਲ ਲੈ ਲਿਆ।

ਕਿਉਂਕਿ ਲਾਹੌਰ ਵਿਚ ਕੋਈ ਸਰਕਾਰੀ ਫ਼ੌਜ ਨਹੀਂ ਸੀ, ਸੋ ਸਿੱਖਾਂ ਨੂੰ ਆਪਣੀ ਮਨ-ਮਰਜ਼ੀ ਕਰਨ ਦੀ ਖੁਲ੍ਹ ਮਿਲ ਗਈ। ੧੭੪੮ ਵਿਚ ਵਿਸਾਖੀ ਮਨਾਉਣ ਲਈ ਉਹ ਅੰਮ੍ਰਿਤਸਰ ਵਿਚ ਇਕੱਠੇ ਹੋਏ। ਅੰਮ੍ਰਿਤਸਰ ਦੀ ਰਖਵਾਲੀ ਲਈ ਉਹਨਾਂ ਰਾਮ ਰਾਉਣੀ ਕਿਲਾ ਬਨਾਉਣ ਦਾ ਫ਼ੈਸਲਾ ਕੀਤਾ। ਇਸ ਕਿਲੇ ਨੂੰ ਬਨਾਉਣ ਵਿਚ ਇਕ ਮਹੀਨਾ ਲੱਗ ਗਿਆ ਅਤੇ ਜੱਸਾ ਸਿੰਘ ਪੂਰੀ ਤਰ੍ਹਾਂ ਇਸ ਵਿਚ ਰੁੱਝਿਆ ਰਿਹਾ।

ਜੱਸਾ ਸਿੰਘ ਆਹਲੂਵਾਲੀਆ ਨੂੰ ਖਾਲਸੇ ਦਾ ਮੁਖੀ ਥਾਪਿਆ ਗਿਆ ਅਤੇ ਜੱਸਾ ਸਿੰਘ ਰਾਮਗੜ੍ਹੀਆ ਕਮੇਟੀ ਦਾ ਮੈਂਬਰ ਬਣ ਗਿਆ।

ਅਪ੍ਰੈਲ ੧੭੪੮ ਵਿਚ ਮੀਰ ਮੰਨੂੰ ਲਾਹੌਰ ਦਾ ਗਵਰਨਰ ਬਣ ਗਿਆ। ਉਹ ਸਿੱਖਾਂ ਦੀ ਵਧਦੀ ਸ਼ਕਤੀ ਨੂੰ ਖਤਮ ਕਰ ਦੇਣਾ ਚਾਹੁੰਦਾ ਸੀ ਅਤੇ ਇਸ ਕੰਮ ਲਈ ਉਸਨੇ ਲਾਹੌਰ ਵਿਚ ਕਈ ਫ਼ੌਜੀ ਦਸਤੇ ਕਾਇਮ ਕੀਤੇ। ਕਈ ਸਿੰਘ ਲਾਹੌਰ ਦਾ ਆਲਾ ਦੁਆਲਾ ਛੱਡ ਕੇ ਹੋਰ ਪਾਸੇ ਚਲੇ ਗਏ।

ਜਲੰਧਰ ਦਾ ਗਵਰਨਰ ਅਦੀਨਾ ਬੇਗ਼ ਸਿੱਖਾਂ ਨਾਲ ਦੋਸਤੀ ਬਨਾਉਣਾ ਚਾਹੁੰਦਾ ਸੀ। ਉਸਨੇ ਜੱਸਾ ਸਿੰਘ ਆਹਲੂਵਾਲੀਆ ਅਤੇ ਜੱਸਾ ਸਿੰਘ ਰਾਮਗੜ੍ਹੀਆ ਨੂੰ ਆਪਣੀਆਂ ਫ਼ੌਜਾਂ ਵਿਚ ਆ ਜਾਣ ਲਈ ਕਿਹਾ। ਜੱਸਾ ਸਿੰਘ ਆਹਲੂਵਾਲੀਆ ਨੇ ਇਨਕਾਰ ਕਰ ਦਿਤਾ, ਪਰ ਜੱਸਾ ਸਿੰਘ ਰਾਮਗੜ੍ਹੀਆ ਨੇ ਇਸਤਰ੍ਹਾਂ ਕਰਨਾ ਠੀਕ ਸਮਝਿਆ। ਸੋ ਉਹ ਅਤੇ ਉਸਦਾ ਜਥਾ ਅਦੀਨਾ ਬੇਗ਼ ਨਾਲ ਰਲ ਗਿਆ। ਉਸਨੂੰ 'ਜਨਰਲ' ਦੀ ਉਪਾਧੀ ਦਿਤੀ ਗਈ, ਪਰ ਉਸਦੇ ਸ਼ਾਹੀ ਫ਼ੌਜ ਵਿਚ ਜਾਣ ਕਰਕੇ ਖਾਲਸਾ ਦਲ ਵਿਚੋਂ ਉਸਨੂੰ ਕੱਢ ਦਿਤਾ ਗਿਆ। ਜੱਸਾ ਸਿੰਘ ਰਾਮਗੜ੍ਹੀਆ ਦੀ ਅਗਵਾਈ ਅਤੇ ਪ੍ਰਭਾਵ ਨੂੰ ਸਮਝਦਿਆਂ ਇਲਾਕੇ ਦੇ ਬਹੁਤ ਸਾਰੇ ਸਿੱਖ ਅਦੀਨਾ ਬੇਗ਼ ਦੀ ਨੌਕਰੀ ਵਿਚ ਭਰਤੀ ਹੋ ਗਏ।

ਅਕਤੂਬਰ ੧੭੪੮ ਵਿਚ ਦਲ ਖਾਲਸਾ ਅੰਮ੍ਰਿਤਸਰ ਵਿਚ ਇਕੱਠਾ ਹੋਇਆ। ਜਦੋਂ ਮੀਰ ਮੰਨੂੰ ਨੂੰ ਇਸ ਇਕੱਠ ਬਾਰੇ ਪਤਾ ਲੱਗਾ ਤਾਂ ਉਸਨੇ ਅੰਮ੍ਰਿਤਸਰ ਨੂੰ ਘੇਰਾ ਪਾਉਣ ਲਈ ਆਪਣੀ ਫ਼ੌਜ ਭੇਜ ਦਿਤੀ। ਉਸਨੇ ਅਦੀਨਾ ਬੇਗ਼ ਨੂੰ ਇਸ ਫ਼ੌਜ ਦੀ ਮਦਦ ਵਾਸਤੇ ਆਉਣ ਲਈ ਕਿਹਾ। ਜਦ ਸਿੱਖਾਂ ਨੂੰ ਫ਼ੌਜਾਂ ਦੇ ਆਉਣ ਬਾਰੇ ਪਤਾ ਲੱਗਾ ਤਾਂ ਉਹਨਾਂ ਵਿਚੋਂ ਬਹੁਤ ਸਾਰੇ ਜੰਗਲਾਂ ਵੱਲ ਦੌੜ ਗਏ ਅਤੇ ਕੋਈ ੫੦੦ ਸਿੰਘਾਂ ਨੇ ਰਾਮ ਰਾਉਣੀ ਕਿਲੇ ਵਿਚ ਸ਼ਰਨ ਲਈ।

ਇਹ ਘੇਰਾ ਦੋ ਮਹੀਨੇ ਚਲਿਆ, ਪਰ ਸ਼ਾਹੀ ਫ਼ੌਜ ਕਿਲੇ ਤੇ ਕਬਜ਼ਾ ਨਾ ਕਰ ਸਕੀ। ਸਿੱਖਾਂ ਕੋਲ ਰਾਸ਼ਨ ਖਤਮ ਹੋ ਰਿਹਾ ਸੀ, ਪਰ ਉਹਨਾਂ ਫ਼ੈਸਲਾ ਕੀਤਾ ਕਿ ਭੁੱਖੇ ਮਰਨ ਨਾਲੋਂ ਸਹੀਦ ਹੋਣਾ ਬੇਹਤਰ ਹੈ। ਉਹਨਾਂ ਫ਼ੈਸਲਾ ਕੀਤਾ ਕਿ ਉਹ ਸਵੇਰ ਨੂੰ ਕਿਲੇ ਦੇ ਦਰਵਾਜੇ ਖੋਹਲ ਦੇਣਗੇ ਅਤੇ ਸਰਕਾਰੀ ਫ਼ੌਜ ਨਾਲ

ਲੜਾਈ ਕਰਨਗੇ। ਸਵੇਰ ਦੀ ਤਿਆਰੀ ਵਿਚ ਸਿੱਖਾਂ ਨੇ ਸ਼ਾਮ ਨੂੰ ਪਹਿਲਾਂ ਹੀ ਜੈਕਾਰੇ ਗਜਾਉਣੇ ਸ਼ੁਰੂ ਕਰ ਦਿਤੇ।

ਜੱਸਾ ਸਿੰਘ ਰਾਮਗੜ੍ਹੀਆ ਨੇ ਕਿਲੇ ਅੰਦਰੋਂ ਜੈਕਾਰਿਆਂ ਦੀਆਂ ਆਵਾਜ਼ਾਂ ਸੁਣੀਆਂ। ਇਹਨਾਂ ਜੈਕਾਰਿਆਂ ਦੇ ਅਸਰ ਨਾਲ ਉਸਦੇ ਦਿਲ ਤੇ ਕੁਝ ਅਸਰ ਹੋਣ ਲੱਗਾ। ਉਸਨੇ ਇਕ ਤੀਰ ਤੇ ਆਪਣਾ ਸੁਨੇਹਾ ਬੰਨ੍ਹਿਆ ਅਤੇ ਤੀਰ ਕਿਲੇ ਵੱਲ ਨੂੰ ਛਡਿਆ। ਉਸਨੇ ਕਿਹਾ ਕਿ ਕਿਲੇ ਦੇ ਦਰਵਾਜੇ ਉਹਦੇ ਵਾਸਤੇ ਖੋਹਲ ਦਿਤੇ ਜਾਣ।

ਕਿਲੇ ਦੇ ਅੰਦਰ ਸਾਰੇ ਸਿੱਖ ਮੰਨ ਗਏ ਅਤੇ ਉਹ ਆਪਣੇ ਜਥੇ ਨਾਲ ਬਹੁਤ ਸਾਰਾ ਸਮਾਨ ਲੈ ਕੇ ਕਿਲੇ ਦੇ ਅੰਦਰ ਦਾਖਲ ਹੋਇਆ। ਫਿਰ ਉਸਨੇ ਦੀਵਾਨ ਕੌੜਾ ਮਲ ਦੇ ਰਾਹੀਂ ਮੀਰ ਮੰਨੂੰ ਨੂੰ ਸੁਨੇਹਾ ਭੇਜਿਆ। ਉਸਨੇ ਕਿਹਾ ਕਿ ਘੇਰਾ ਖਤਮ ਕਰ ਦਿਤਾ ਜਾਵੇ। ਉਸੇ ਸਮੇਂ ਤੇ ਹੀ ਅਹਿਮਦ ਸ਼ਾਹ ਅਬਦਾਲੀ ਨੇ ਦੂਜੀ ਵਾਰ ਹਮਲਾ ਕਰ ਦਿਤਾ। ਦੀਵਾਨ ਕੌੜਾ ਮਲ ਨੇ ਮੀਰ ਮੰਨੂ ਨੂੰ ਸਮਝਾਇਆ ਕਿ ਜੇ ਉਹ ਸਿੰਘਾਂ ਨਾਲ ਸਮਝੌਤਾ ਕਰ ਲਵੇ ਤਾਂ ਉਹ ਇਸ ਔਖੇ ਵੇਲੇ ਸਹਾਇਕ ਬਣ ਸਕਦੇ ਹਨ।

ਮੀਰ ਮੰਨੂੰ ਨੇ ਘੇਰਾ ਹਟਾ ਦਿਤਾ ਅਤੇ ਸਿੱਖਾਂ ਦੀ ਆਮਦਨੀ ਲਈ ਦਲ ਖਾਲਸਾ ਨੂੰ ਅੰਮ੍ਰਿਤਸਰ ਦੇ ਨੇੜੇ ਹੀ ਜਗੀਰ ਦੇ ਦਿਤੀ। ਦਲ ਕਾਲਸਾ ਜੱਸਾ ਸਿੰਘ ਰਾਮਗੜ੍ਹੀਆ ਨਾਲ ਬਹੁਤ ਖ਼ੁਸ਼ ਹੋਇਆ ਜਿਸਨੇ ਲੋੜ ਵੇਲੇ ਸਿਰ ਮਦਦ ਕੀਤੀ। ਇਸ ਕਾਰਨਾਮੇ ਸਦਕਾ ਦਲ ਖਾਲਸਾ ਨੇ ਆਪਣੇ ਵਿਚੋਂ ਕੱਢੇ ਸਿੰਘਾਂ ਨੂੰ ਮੁੜ ਵਾਪਸ ਲੇ ਲਿਆ। ਉਹਨਾਂ ਨੇ ਉਸਨੂੰ ਰਾਮ ਰਾਉਣੀ ਕਿਲੇ ਦਾ ਕਮਾਂਡਰ ਨਿਯੁਕਤ ਕਰ ਦਿਤਾ ਅਤੇ ਕਿਲੇ ਦਾ ਨਾਮ ਰਾਮਗੜ੍ਹ ਰੱਖ ਦਿਤਾ।

ਦਸੰਬਰ ੧੭੫੧ ਵਿਚ ਅਬਦਾਲੀ ਨੇ ਭਾਰਤ ਉੱਪਰ ਤੀਜਾ ਹਮਲਾ ਕੀਤਾ। ਮੀਰ ਮੰਨੂੰ ਲੜਾਈ ਵਿਚ ਹਾਰ ਗਿਆ ਅਤੇ ਇਸ ਹਾਰ ਦਾ ਦੋਸ਼ ਉਸਨੇ ਸਿੱਖਾਂ ਸਿਰ ਲਾਇਆ। ਉਹ ਸਿੱਖਾਂ ਵੱਲ ਵਧਿਆ ਅਤੇ ਹੁਕਮ ਕੀਤਾ ਕਿ ਉਸਦੇ ਰਾਜ ਵਿਚ ਵਸਦੇ ਸਾਰੇ ਲੰਬੇ ਵਾਲਾਂ ਵਾਲਿਆਂ ਨੂੰ ਕਤਲ ਕਰ ਦਿਤਾ ਜਾਵੇ। ਉਸਨੇ ਫਿਰ ਰਾਮਗੜ੍ਹ ਕਿਲੇ ਤੇ ਹਮਲਾ ਕੀਤਾ ਅਤੇ ਇਸਨੂੰ ਤਬਾਹ ਕਰ ਦਿਤਾ।

੧੭੫੩ ਵਿਚ ਮੀਰ ਮੰਨੂੰ ਦੀ ਮੌਤ ਹੋ ਗਈ। ਜੱਸਾ ਸਿੰਘ ਕਿਲੇ ਵਿਚ ਵਾਪਸ ਮੁੜ ਆਇਆ ਅਤੇ ਕਿਲੇ ਦੀ ਮੁੜ ਉਸਾਰੀ ਕੀਤੀ। ਮੀਰ ਮੰਨੂੰ ਦੀ ਵਿਧਵਾ ਮੁਰਾਦ ਬੇਗ਼ਮ ਲਾਹੌਰ ਸਰਕਾਰ ਦਾ ਪ੍ਰਬੰਧ ਸੰਭਾਲ ਰਹੀ ਸੀ। ਪਰ ਲਾਹੌਰ ਤੋਂ ਬਾਹਰਲੇ ਇਲਾਕੇ ਦਾ ਪ੍ਰਬੰਧ ਕਰਨ ਦੇ ਸਮਰੱਥ ਨਹੀਂ ਸੀ। ਖਾਲਸਾ ਇਸ ਬਾਹਰਲੇ ਇਲਾਕੇ ਦਾ ਪ੍ਰਬੰਧ ਕਰਨ ਦੇ ਸਮਰੱਥ ਸੀ ਅਤੇ ਕੁਝ ਹਿੱਸੇ ਦਾ ਪ੍ਰਬੰਧ ਜੱਸਾ ਸਿੰਘ ਰਾਮਗੜ੍ਹੀਆ ਦੇ ਕਾਬੂ ਵਿਚ ਸੀ।

੧੭੫੬ ਅਤੇ ੧੭੬੪ ਵਿਚ ਅਬਦਾਲੀ ਨੇ ਭਾਰਤ ਉੱਪਰ ਚਾਰ ਵਾਰ ਹਮਲੇ ਕੀਤੇ। ਲਾਹੌਰ ਅਤੇ ਦਿੱਲੀ ਦੀ ਸਰਕਾਰ ਅਤੇ ਖਾਲਸਾ ਫ਼ੌਜਾਂ ਨਾਲ ਵੀ ਉਸਦੀਆਂ ਲੜਾਈਆਂ ਹੁੰਦੀਆਂ ਰਹਿੰਦੀਆਂ। ਖਾਲਸਾ

ਫ਼ੌਜਾਂ ਅਬਦਾਲੀ ਦੀਆਂ ਵਾਪਸ ਜਾਂਦੀਆ ਫ਼ੌਜਾਂ ਨੂੰ ਅਕਸਰ ਲੁੱਟ ਲਿਆ ਕਰਦੇ ਜਾਂ ਆਹਮੋ-ਸਾਹਮਣੇ ਵੀ ਲੜਾਈ ਕਰਦੇ। ਅਬਦਾਲੀ ਨੂੰ ਪੂਰੀ ਤਰ੍ਹਾਂ ਵਿਸ਼ਵਾਸ ਹੋ ਗਿਆ ਕਿ ਪੰਜਾਬ ਵਿਚ ਖਾਲਸਾ ਹੀ ਰਾਜ ਕਰ ਸਕਦਾ ਹੈ। ਉਸਦੇ ਜਾਣ ਤੋਂ ਬਾਅਦ ਬਹੁਤ ਚਿਰ ਸਿੱਖ ਮਿਸਲਾਂ ਨੇ ਰਾਜ ਕੀਤਾ। ਪੰਜਾਬ ਦਾ ਬਹੁਤ ਸਾਰਾ ਹਿੱਸਾ ਜੱਸਾ ਸਿੰਘ ਰਾਮਗੜ੍ਹੀਆ ਦੇ ਕਾਬੂ ਵਿਚ ਸੀ।

ਪੰਜਾਬ ਵਿਚ ਆਪਣਾ ਰਾਜ ਸਥਾਪਤ ਕਰ ਲੈਣ ਤੋਂ ਬਾਅਦ, ਜੱਸਾ ਸਿੰਘ ਰਾਮਗੜ੍ਹੀਆ ਨੇ ਗੁਆਂਢੀ ਪਹਾੜੀ ਰਾਜਾਂ ਤੇ ਚੜ੍ਹਾਈ ਕੀਤੀ। ਉਹਨੇ ਕਈ ਛੋਟੇ ਛੋਟੇ ਰਾਜਾਂ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ ਅਤੇ ਮਹਾਰਾਜਾ ਬਣ ਗਿਆ। ਇਹ ਖਿਤਾਬ ਪ੍ਰਾਪਤ ਕਰਨ ਵਾਲਾ ਉਹ ਮਿਸਲਾਂ ਵਿਚੋਂ ਪਹਿਲਾ ਮੁਖੀ ਸੀ।

ਕਈ ਵਾਰ ਮਿਸਲਾਂ ਵਿਚ ਵੀ ਕਿਸੇ ਇਲਾਕੇ ਕਾਰਨ ਜਾਂ ਹਕੂਮਤੀ ਤਾਕਤ ਕਾਰਨ ਆਪਸੀ ਝਗੜੇ ਹੋ ਜਾਂਦੇ ਸਨ। ਇਕ ਵਾਰ ਜੱਸਾ ਸਿੰਘ ਆਹਲੂਵਾਲੀਆ ਸ਼ਿਕਾਰ ਖੇਡਦਿਆਂ ਜੱਸਾ ਸਿੰਘ ਰਾਮਗੜ੍ਹੀਆ ਦੇ ਇਲਾਕੇ ਵਿਚ ਦਾਖਲ ਹੋ ਗਿਆ। ਜੱਸਾ ਸਿੰਘ ਰਾਮਗੜ੍ਹੀਆ ਦੇ ਭਰਾਵਾਂ ਨੇ ਉਸਨੂੰ ਗ੍ਰਿਫ਼ਤਾਰ ਕਰ ਲਿਆ। ਜਦ ਜੱਸਾ ਸਿੰਘ ਰਾਮਗੜ੍ਹੀਆ ਨੂੰ ਪਤਾ ਲੱਗਾ ਤਾਂ ਉਸਨੇ ਮੁਆਫ਼ੀ ਮੰਗੀ ਕਿਉਂਕਿ ਜੱਸਾ ਸਿੰਘ ਆਹਲੂਵਾਲੀਆ 'ਕੌਮ ਦਾ ਮੁਖੀ' ਸੀ।

ਫਿਰ ਵੀ, ਇਸ ਘਟਨਾ ਦੇ ਕਾਰਨ ਰਾਮਗੜ੍ਹੀਆ ਮਿਸਲ ਅਤੇ ਦੂਜੀਆਂ ਮਿਸਲਾਂ ਵਿਚ ਆਪਸੀ ਤਨਾਵ ਬਣ ਗਿਆ। ਕਈ ਸਿੰਘ ਹੋਰ ਫ਼ੌਜਾਂ ਵਿਚ ਮਿਲ ਗਏ ਅਤੇ ਜੱਸਾ ਸਿੰਘ ਰਾਮਗੜ੍ਹੀਆ ਆਪਣਾ ਬਹੁਤ ਸਾਰਾ ਇਲਾਕਾ ਗੁਆ ਬੈਠਾ।ਉਸਨੂੰ ਸਤਿਲੁਜ ਦਰਿਆ ਦੇ ਦੱਖਣੀ ਪਾਸੇ ਜਾਣਾ ਪਿਆ।

ਉਸਨੇ ਪਟਿਆਲਾ ਦੇ ਰਾਜਾ, ਰਾਜਾ ਅਮਰ ਸਿੰਘ ਨਾਲ ਸਾਂਝ ਬਣਾਈ। ਇਲਾਕੇ ਦੇ ਹੋਰ ਨਵਾਬਾਂ ਨਾਲ ਝਗੜੇ ਨਜਿੱਠਣ ਵਿਚ ਉਸਨੇ ਰਾਜਾ ਅਮਰ ਸਿੰਘ ਨਾਲ ਕੰਮ ਕੀਤਾ।

ਇਸ ਸਮੇਂ ਦੌਰਾਨ ਵੱਖ ਵੱਖ ਖੇਤਰਾਂ ਵਿਚ ਬਹੁਤ ਲੜਾਈ ਝਗੜੇ ਚਲ ਰਹੇ ਸਨ। ਜੱਸਾ ਸਿੰਘ ਰਾਮਗੜ੍ਹੀਆ ਤਾਂ ਰਾਜਾ ਅਮਰ ਸਿੰਘ ਦਾ ਹਾਮੀ ਸੀ, ਪਰ ਰਾਜਾ ਅਮਰ ਸਿੰਘ ਦਿੱਲੀ ਸਰਕਾਰ ਨਾਲ ਕਿਸੇ ਇਲਾਕੇ ਦੇ ਝਗੜੇ ਵਿਚ ਉਲਝ ਗਿਆ। ਜਦੋਂ ਦਿੱਲੀ ਤੋਂ ਅਬਦੁਲ ਅਹਿਮਦ ਖਾਨ ਅਤੇ ਅਮਰ ਸਿੰਘ ਵਿਚਾਲੇ ਲੜਾਈ ਹੋਈ ਤਾਂ ਜੱਸਾ ਸਿੰਘ ਰਾਮਗੜ੍ਹੀਆ ਨੇ ਆਪਣੀਆਂ ਫ਼ੌਜਾਂ ਰਾਜਾ ਅਮਰ ਸਿੰਘ ਦੇ ਹੱਕ ਵਿਚ ਖੜੀਆਂ ਕੀਤੀਆਂ। ਜੱਸਾ ਸਿੰਘ ਆਹਲੂਵਾਲੀਆ ਵੀ ਦਿੱਲੀ ਫ਼ੌਜਾਂ ਦੇ ਵਿਰੁੱਧ ਲੜਨ ਲਈ ਪਟਿਆਲਾ ਪਹੁੰਚਿਆ।

ਇਸਤਰ੍ਹਾਂ ਜੱਸਾ ਸਿੰਘ ਰਾਮਗੜ੍ਹੀਆ ਅਤੇ ਬਘੇਲ ਸਿੰਘ ਵੀ ਦਿੱਲੀ ਦੇ ਨੇੜੇ ਦੇ ਇਲਾਕਿਆਂ ਤੇ ਕਬਜ਼ਾ ਕਰਨ ਲਈ ਇਕੱਠੇ ਹੋ ਗਏ, ਅਤੇ ਆਖਰਕਾਰ ਮਾਰਚ ੧੭੮੩ ਵਿਚ ਲਾਲ ਕਿਲਾ ਜਿੱਤਣ ਵਿਚ ਕਾਮਣਾਬ ਹੋ ਗਏ।

੧੭੮੩ ਵਿਚ ਜੱਸਾ ਸਿੰਘ ਆਹਲੂਵਾਲੀਆ ਦੀ ਮੌਤ ਹੋ ਜਾਣ ਪਿਛੋਂ, ਵੱਖ ਵੱਖ ਮਿਸਲਾਂ ਆਪਣੀ ਹਕੂਮਤ ਅਤੇ ਇਲਾਕਿਆਂ ਲਈ ਲੜਦੀਆਂ ਰਹੀਆਂ। ਜੱਸਾ ਸਿੰਘ ਰਾਮਗੜ੍ਹੀਆ, ਆਖਰਕਾਰ ਪੰਜਾਬ ਦਾ ਬਹੁਤ ਸਾਰਾ ਹਾਰਿਆ ਇਲਾਕਾ ਵੀ ਆਪਣੇ ਕਬਜ਼ੇ ਹੇਠ ਕਰਨ ਵਿਚ ਕਾਮਯਾਬ ਹੋ ਗਿਆ। ਪਰ ਉਸਨੇ ਦੂਜੀਆਂ ਮਿਸਲਾਂ ਨਾਲ, ਖਾਸ ਕਰਕੇ ਘਨਈਆ ਮਿਸਲ ਨਾਲ, ਲੜਨਾ ਜਾਰੀ ਰਖਿਆ। ਜੱਸਾ ਸਿੰਘ ਰਾਮਗੜ੍ਹੀਆ ਨੇ ਆਪਣੇ ਜੀਵਨ ਦੇ ਅੰਤ ਸਮੇਂ ੧੮੦੩ ਨੂੰ ਉਹ ਬਹੁਤ ਸਾਰੇ ਮਹੱਤਵਪੂਰਣ ਇਲਾਕੇ ਰਾਣੀ ਸਦਾ ਕੌਰ ਅਤੇ ਰਣਜੀਤ ਸਿੰਘ ਨੂੰ ਹਾਰ ਗਿਆ।

******************

# ੬. ਸਰਦਾਰ ਬਘੇਲ ਸਿੰਘ

ਸਰਦਾਰ ਬਘੇਲ ਸਿੰਘ ਦਾ ਜਨਮ ਪੰਜਾਬ ਦੇ ਜ਼ਿਲੇ ਅੰਮ੍ਰਿਤਸਰ ਦੇ ਪਿੰਡ ਝਬਾਲ ਵਿਚ ਹੋਇਆ।

ਸੰਨ ੧੭੦੦ ਦੇ ਮੱਧ ਵਿਚ ਸਿੱਖਾਂ ਨੇ ਆਪਣੇ ਆਪ ਨੂੰ ਕੁਝ ਗਰੁੱਪਾਂ ਵਿਚ ਵੰਡ ਲਿਆ ਜੋ ਮਿਸਲਾਂ ਕਹੀਆਂ ਜਾਂਦੀਆਂ ਸਨ। ਇਹ ਮਿਸਲਾਂ ਪੰਜਾਬ ਦੇ ਵੱਖ ਵੱਖ ਭੂਗੋਲਕ ਹਿਸਿਆਂ ਵਿਚ ਸਨ। ਮਿਸਲਾਂ ਸਮੁੱਚੇ ਪੰਜਾਬ ਰਾਜ ਦੇ ਵਿਚ ਛੋਟੇ ਛੋਟੇ ਪ੍ਰਾਂਤਾਂ ਵਾਂਗਨ ਸਨ। ਮਿਸਲਾਂ ਆਪਣੀ ਤਾਕਤ ਵਧਾਉਣ ਲਈ ਕਈ ਵਾਰ ਆਪਸ ਵਿਚ ਲੜਦੀਆਂ ਸਨ, ਪਰ ਦੁਸ਼ਮਨ ਦੇ ਵਿਰੁੱਧ ਇਕੱਠੀਆਂ ਹੋ ਜਾਂਦੀਆਂ ਸਨ।

ਸਰਦਾਰ ਬਘੇਲ ਸਿੰਘ 'ਕਰੋੜ ਸਿੰਘੀਆ' ਮਿਸਲ ਵਿਚ ਦਾਖਲ ਹੋ ਗਏ। ਕਰੋੜਾ ਸਿੰਘ ਇਸ ਮਿਸਲ ਦੇ ਆਗੂ ਸੀ। ਉਸਦੀ ਮੌਤ ਤੋਂ ਬਾਅਦ ਸ. ਬਘੇਲ ਸਿੰਘ ਇਸ ਮਿਸਲ ਦੇ ਆਗੂ ਬਣ ਗਏ। ਆਹਲੂਵਾਲੀਆ ਮਿਸਲ ਦੇ ਆਗੂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਸੀ।

੧੭੪੭ ਤੋਂ ੧੭੬੯ ਤੱਕ ਅਹਿਮਦ ਸ਼ਾਹ ਅਬਦਾਲੀ ਨੇ ਭਾਰਤ ਉੱਤੇ ੯ ਵਾਰ ਹਮਲੇ ਕੀਤੇ। ਦਿੱਲੀ ਵਿਚਲੀ ਮੁਗਲ ਸਰਕਾਰ ਅਬਦਾਲੀ ਅਤੇ ਨਾਦਰ ਸ਼ਾਹ ਵਰਗੇ ਹਮਲਾਵਰਾਂ ਨਾਲ ਲੜਾਈਆਂ ਲੜਦੀ ਰਹੀ। ੧੭੩੮ ਤੱਕ ਦਿੱਲੀ ਸਰਕਾਰ ਦਾ ਰਾਜ ਪੇਸ਼ਾਵਰ ਅਤੇ ਅਫ਼ਗਾਨਿਸਤਾਨ ਤੱਕ ਸੀ ਜਦ ਨਾਦਰ ਸ਼ਾਹ ਨੇ ਹਮਲਾ ਕੀਤਾ। ਪੰਜਾਬ ਵਿਚ ਉਹ ਬਹੁਤ ਕਮਜ਼ੋਰ ਸਨ ਅਤੇ ਉਹਨਾਂ ਕੋਲ ਬਹੁਤ ਘੱਟ ਫ਼ੌਜ ਸੀ। ਪੰਜਾਬ ਤੋਂ ਬਾਅਦ ਉਸਨੇ ਮਰਾਠਿਆਂ ਨੂੰ ਵੀ ਹਰਾਇਆ। ਇਸਤਰ੍ਹਾਂ ਸਿੱਖ ਮਿਸਲਾਂ ਪੰਜਾਬ ਵਿਚ ਬਹੁਤ ਸ਼ਕਤੀਸਾਲੀ ਬਣ ਗਈਆਂ।

੧੭੬੪ ਵਿਚ ਸ. ਜੱਸਾ ਸਿੰਘ ਆਹਲੂਵਾਲੀਆ ਅਤੇ ਸ. ਬਘੇਲ ਸਿੰਘ ਦੀਆਂ ਫ਼ੌਜਾਂ ਇਕੱਠੀਆਂ ਹੋ ਗਈਆਂ। ਸਹਾਰਨਪੁਰ ਦੇ ਨੇੜੇ ਦੇ ਇਲਾਕੇ ਤੇ ਨਜੀਬ-ਉਸ-ਦੁੱਲਾ ਰਾਜ ਕਰਦਾ ਸੀ। ਅਬਦਾਲੀ ਦੇ ਹਮਲੇ ਵੇਲੇ ਉਹ ਉਸ ਨਾਲ ਮਿਲ ਗਏ ਸੀ। ਆਹਲੂਵਾਲੀਆ ਅਤੇ ਕਰੋੜ ਸਿੰਘੀਆ ਮਿਸਲਾਂ ਨੇ ਸਹਾਰਨਪੁਰ ਤੇ ਹਮਲਾ ਕੀਤਾ ਅਤੇ ਸ਼ਹਿਰ ਦੇ ਨਾਲ ਆਲੇ ਦੁਆਲੇ ਦੇ ਇਲਾਕੇ ਤੇ ਵੀ ਕਬਜ਼ਾ ਕਰ ਲਿਆ। ੧੭੭੬ ਤੱਕ ਉਸਦਾ ਬਹੁਤ ਪ੍ਰਭਾਵ ਬਣ ਗਏ।

੧੭੬੭ ਵਿਚ ਜਦ ਅਬਦਾਲੀ ਨੇ ਅੱਠਵਾਂ ਹਮਲਾ ਕੀਤਾ ਤਾਂ ਸਿੱਖਾਂ ਨੇ ਉਸਦਾ ਮੁਕਾਬਲਾ ਕੀਤਾ। ਦੋਨੋ ਪਾਸੇ ਬਹੁਤ ਨੁਕਸਾਨ ਹੋਇਆ ਪਰ ਆਖਰ ਵਿਚ ਅਬਦਾਲੀ ਪੰਜਾਬ ਛੱਡ ਕੇ ਦੌੜ ਗਏ।

੧੭੬੯ ਵਿਚ ਅਬਦਾਲੀ ਨੇ ਆਖਰੀ ਹਮਲਾ ਕੀਤਾ। ਖਾਲਸਾ ਫ਼ੌਜ ਸਮੂਹ ਰੂਪ ਵਿਚ ਉਸਦੇ ਵਿਰੁੱਧ ਖੜੀ ਹੋ ਗਈ। ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਅਤੇ ਸਰਦਾਰ ਚੜ੍ਹਤ ਸਿੰਘ ਸ਼ੁੱਕਰਚਕੀਆ ਦੀਆਂ ਫ਼ੌਜਾਂ ਅਬਦਾਲੀ ਵਿਰੁੱਧ ਲੜੀਆ ਅਤੇ ਉਸਨੂੰ ਪੰਜਾਬ ਵਿਚੋਂ ਹਮੇਸ਼ਾ ਵਾਸਤੇ ਕੱਢ ਦਿਤਾ।

ਸ਼ਰਦਾਰ ਬਗੇਲ ਸਿੰਘ ਦੀ ਕਰੋੜ ਸਿੰਘੀਆ ਮਿਸਲ ਸ਼ਕਤੀਸਾਲੀ ਮਿਸਲਾਂ ਵਿੱਚੋਂ ਇਕ ਮਿਸਲ ਸੀ। ੪੦,੦੦੦ ਤੋਂ ਵੱਧ ਯੋਧੇ ਬਘੇਲ ਸਿੰਘ ਦੀ ਕਮਾਨ ਹੇਠ ਸਨ। ਇਸ ਸ਼ਕਤੀ ਦੇ ਕਾਰਨ ਉਸਨੇ ਕਈ ਖੇਤਰਾਂ ਤੇ ਕਬਜ਼ਾ ਕਰ ਲਿਆ ਅਤੇ ਆਪਣੇ ਰਾਜ ਦਾ ਪ੍ਰਭਾਵ ਦੂਰ ਤੱਕ ਕਾਇਮ ਕੀਤਾ।

ਭਘੇਲ ਸਿੰਘ ਇਕ ਬਹਾਦੁਰ ਆਗੂ, ਨਿਧੜਕ ਯੋਧਾ, ਚੰਗਾ ਪ੍ਰਬੰਧਕ ਅਤੇ ਸਿਆਸੀ ਤਾਲ-ਮੇਲ ਵਾਲਾ ਇਨਸਾਨ ਸਮਝੇ ਜਾਂਦੇ ਸੀ। ਉਹ ਇਕ ਪਰਪੱਕ ਸਿੱਖ ਵੀ ਸੀ। ਉਸ ਪਾਸੋਂ ਅੰਮ੍ਰਿਤ ਛਕਣਾ ਵਿਸ਼ੇਸ਼ ਮਾਣ ਵਾਲੀ ਗੱਲ ਸਮਝੀ ਜਾਂਦੀ ਸੀ।

ਸਿੱਖਾਂ ਦਾ ਤਮੰਨਾਂ ਦਿੱਲੀ ਤੱਕ ਵਧਣਾ ਸੀ। ਜਨਵਰੀ ੧੭੭੪ ਵਿਚ ਉਹਨਾਂ ਪਹਿਲਾ ਹੰਭਲਾ ਮਾਰਿਆ ਅਤੇ ਦਿੱਲੀ ਦਾ ਕੁਝ ਇਲਾਕਾ ਕਬਜ਼ੇ ਵਿਚ ਕਰਨ ਲਈ ਕਾਮਯਾਬ ਹੋ ਗਏ। ਜੁਲਾਈ ੧੭੭੫ ਵਿਚ ਉਸਨੇ ਦੂਜੀ ਵਾਰ ਹਮਲਾ ਕੀਤਾ ਅਤੇ ਦਿੱਲੀ ਦੇ ਆਸ ਪਾਸ ਵਾਲੇ ਸ਼ਾਹੀ ਇਲਾਕਿਆਂ ਵਿਚ ਵੀ ਲੜਦੇ ਰਹੇ।

ਸਿੱਖਾਂ ਦੀਆਂ ਬਾਰਾਂ ਮਿਸਲਾਂ ਪੰਜਾਬ ਅਤੇ ਦਿੱਲੀ ਤੱਕ ਆਪਣੀ ਸ਼ਕਤੀ ਖਿਲਾਰਨ ਦੀ ਕੋਸ਼ਸ਼ ਕਰ ਰਹੀਆਂ ਸਨ। ਦਿੱਲੀ ਅੰਦਰ ਦਾਖਲ ਹੋਣ ਲਈ ਉਹਨਾਂ ਆਪਣੀ ਕੋਸ਼ਸ਼ ਲਗਾਤਾਰ ਜਾਰੀ ਰੱਖੀ। ਅਗਲੀ ਕੋਸ਼ਸ਼ ੧੭੮੧ ਵਿਚ ਕੀਤੀ।

ਦਿੱਲੀ ਦਾ ਸ਼ਹਿਨਸ਼ਾਹ ਆਲਮ ਅਬਦਾਲੀ ਨਾਲ ਲੜਾਈਆਂ ਕਰਦਿਆਂ ਕਮਜ਼ੋਰ ਹੋ ਗਏ ਸੀ। ਸਿੱਖਾਂ ਵਿਰੁੱਧ ਦੂਸਰੇ ਖਾਸ ਪ੍ਰਤਿਯੋਗੀ, ਮਰਾਠੈ ਅਤੇ ਰੁਹੇਲਾ ਵੀ ਪਿੱਛੇ ਹਟ ਗਏ ਸਨ। ਸਿੱਖਾਂ ਨੇ ਦਿੱਲੀ ਤੇ ਕਈ ਵਾਰ ਹਮਲਾ ਕੀਤਾ ਅਤੇ ਬਹੁਤੇ ਹਮਲਿਆਂ ਵਿਚ ਸਰਦਾਰ ਬਘੇਲ ਸਿੰਘ ਨੇ ਅਗਵਾਈ ਕੀਤੀ।

੧੭੮੩ ਵਿਚ ਉਸਨੇ ੨੦,੦੦੦ ਦੀ ਵੱਡੀ ਗਿਣਤੀ ਨਾਲ ਦਿੱਲੀ ਤੇ ਹਮਲਾ ਕੀਤਾ। ਉਹਨਾਂ ਆਪਣੀਆਂ ਫ਼ੌਜਾਂ ਨੂੰ ਵੱਖ ਵੱਖ ਹਿੱਸਿਆਂ ਵਿਚ ਵੰਡ ਦਿਤਾ ਅਤੇ ਮੁਗ਼ਲ ਫ਼ੌਜਾਂ ਨਾਲ ਕਈ ਲੜਾਈਆਂ ਲੜੀਆਂ। ਆਖਰਕਾਰ ਉਹ ਲਾਲ ਕਿਲੇ ਨੂੰ ਘੇਰਾ ਪਾਉਣ ਵਿਚ ਕਾਮਯਾਬ ਹੋ ਗਏ ਜੋ ਕਿ ਬਹੁਤ ਹੀ ਮਹੱਤਵਪੂਰਣ ਅਤੇ ਮਨੋਵਿਗਏਨਕ ਪੈਂਤੜਾ ਸੀ।

ਸ਼ਹਿਨਸ਼ਾਹ ਸ਼ਾਹ ਆਲਮ ਨੇ ਖਾਲਸਾ ਫ਼ੌਜਾਂ ਦੇ ਵੱਧਣ ਨੂੰ ਰੋਕਣ ਲਈ ਆਪਣੇ ਪੁੱਤਰ ਸ਼ਹਿਜ਼ਾਦਾ ਮਿਰਜ਼ਾ ਸ਼ਿਕੋਹ ਨੂੰ ਭੇਜਿਆ। ਪਰ ਉਹ ਕਈ ਵਾਰ ਹਾਰ ਗਏ ਅਤੇ ਪਿੱਛੇ ਮੁੜਦਿਆਂ ਉਸਨੂੰ ਲਾਲ ਕਿਲੇ ਦੀਆ ਇਮਾਰਤਾਂ ਵਿਚ ਲੁਕਣਾ ਪਿਆ।

੧੧ ਮਾਰਚ ਨੂੰ ਸਰਦਾਰ ਬਘੇਲ ਸਿੰਘ ਸਿੱਖ ਫ਼ੌਜ ਲੈ ਕੇ ਲਾਲ ਕਿਲੇ ਦੇ ਅੰਦਰ ਦਾਖਿਲ ਹੋ ਗਿਆ। ਕਿਲੇ ਦੇ ਅੰਦਰ ਜਾਂਦਿਆਂ ਮੁਗ਼ਲ ਸਮਰਾਟ ਦੇ ਸਿੰਘਾਸਨ ਦੀਵਾਨ-ਏ- ਆਮ ਤੱਕ ਪਹੁੰਚ ਗਏ। ਇਸੇ ਜਗਹ ਤੇ ਬੈਠ ਕੇ ਮੁਗ਼ਲ ਸਮਰਾਟ ਆਪਣਾ ਦਰਬਾਰ ਲਗਾਇਆ ਕਰਦੇ ਸੀ।

ਦੀਵਾਨ-ਏ-ਆਮ ਨੂੰ ਮੱਲ ਲੈਣ ਤੋਂ ਬਾਅਦ ਸਿੰਘਾਂ ਨੇ ਲਾਲ ਕਿਲੇ ਦੇ ਦਰਵਾਜੇ ਤੇ ਖਾਲਸਾ ਝੰਡਾ ਲਹਿਰਾਇਆ। ਸ. ਬਘੇਲ ਸਿੰਘ ਨੇ ਆਪਣੇ ਪੰਜ ਜਰਨੈਲ, ਪੰਜ ਪਿਆਰਿਆਂ, ਨੂੰ ਉਹ 'ਸਿੰਘਾਸਨ' ਮੱਲਣ ਲਈ ਨਿਯੁਕਤ ਕੀਤਾ।

ਸ਼ਹਿਨਸ਼ਾਹ ਆਲਮ ਨੇ ਆਪਣੀ ਜ਼ਿੰਦਗੀ ਦੀ ਭਿੱਖਿਆ ਮੰਗਣ ਲਈ ਅਤੇ ਸ. ਬਘੇਲ ਸਿੰਘ ਨਾਲ ਸਮਝੌਤਾ ਕਰਨ ਮਜਬੂਰ ਹੋਨਾ ਪਿਆ। ਉਸਦਾ ਪੈਰੋਕਾਰ ਰਾਮ ਦਿਆਲ ਅਤੇ ਉਸਦੀ ਬੇਗ਼ਮ ਸਮਰੂ ਨੇ ਉਸ ਲਈ ਬੇਨਤੀ ਕੀਤੀ। ਬੇਗ਼ਮ ਇਕ ਸੂਝਵਾਨ ਅਤੇ ਦੂਰ-ਦ੍ਰਿਸ਼ਟੀ ਵਾਲੀ ਸਿਆਸਤਦਾਨ ਔਰਤ ਸੀ।

ਬੜੀ ਅਜੀਬ ਸਥਿਤੀ ਸੀ ਕਿ ਸ਼ਹਿਨਸ਼ਾਹ ਸ਼ਾਹ ਆਲਮ ਇਕ ਸਿੱਖ ਸਰਦਾਰ ਪਾਸੋਂ ਉਸੇ ਥਾਂ ਤੇ ਆਪਣੇ ਜੀਵਨ ਦੀ ਭਿਖਿਆ ਮੰਗ ਰਿਹਾ ਸੀ ਜਿਥੇ ੬੭ ਸਾਲ ਪਹਿਲਾਂ ਬਾਬਾ ਬੰਦਾ ਸਿੰਘ ਨੂੰ ਸ਼ਹੀਦ ਕੀਤਾ ਗਏ ਸੀ।

ਬੇਗ਼ਮ ਸਮਰੂ ਨੇ ਬੜੈ ਇੱਜ਼ਤ ਮਾਣ ਨਾਲ ਸ. ਬਘੇਲ ਸਿੰਘ ਨਾਲ ਗੱਲ ਕੀਤੀ ਅਤੇ ਉਸਨੂੰ ਆਪਣਾ 'ਭਰਾ' ਕਹਿਕੇ ਸੰਬੋਧਿਤ ਕੀਤਾ। ਉਸਨੇ ਦੋ ਚੀਜ਼ਾਂ ਦੀ ਮੰਗ ਕੀ ਕਿ ਸ਼ਾਹ ਆਲਮ ਦੀ ਜ਼ਿੰਦਗੀ ਬਖ਼ਸ਼ ਦਿਤੀ ਜਾਵੇ ਅਤੇ ਉਹ ਲਾਲ ਕਿਲੇ ਤੇ ਰਾਜ ਕਰ ਸਕੇ।

ਸਰਦਾਰ ਬਘੇਲ ਸਿੰਘ ਦਿੱਲੀ ਵਿਚ ਸਿੱਖ ਗੁਰੂਆਂ ਦੀ ਯਾਦ ਵਿਚ ਗੁਰਦਵਾਰੇ ਸਥਾਪਤ ਕਰਨਾ ਚਾਹੁੰਦੇ ਸੀ। ਬੇਗ਼ਮ ਸਮਰੂ ਦੀ ਬੇਨਤੀ ਤੇ ਸ. ਬਘੇਲ ਸਿੰਘ ਨੇ ਇਹ ਸ਼ਰਤ ਰੱਖੀ ਕਿ ਮੁਗ਼ਲ ਸ਼ਹਿਨਸ਼ਾਹ ਉਹ ਸਾਰੇ ਇਲਾਕੇ ਸਿੱਖਾਂ ਦੇ ਹਵਾਲੇ ਕਰ ਦੇਵੇ ਜਿਥੇ ਵੀ ੧) ਸਿੱਖ ਗੁਰੂ ਨੇ ਚਰਨ ਪਾਏ। ੨) ਗੁਰੁ ਤੇਗ਼ ਬਹਾਦੁਰ ਸਾਹਿਬ ਸ਼ਹੀਦ ਹੋਏ ਅਤੇ ੩) ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਕੌਰ ਰਹੇ ਸਨ।

ਉਸਨੇ ਇਹ ਵੀ ਮੰਗ ਕੀਤੀ ਕਿ ਗੁਰਦਵਾਰੇ ਬਨਾਉਣ ਲਈ ਮੁਗ਼ਲ ਸਰਕਾਰ "ਟੈਕਸ" ਦੇ ਤੌਰ ਤੇ ਸਿੱਖਾਂ ਨੂੰ ਮਾਇਆ ਦਵੇ। ਉਸਨੇ ਅੱਗੇ ਕਿਹਾ ਕਿ ਖਾਲਸਾ ਫ਼ੌਜ ਦੇ ੪੦੦੦ ਸਿਪਾਹੀ ਗੁਰਦਵਾਰਿਆਂ ਦੀ ਉਸਾਰੀ ਹੁੰਦੀ ਦੇਖਣ ਲਈ ਦਿੱਲੀ ਵਿਚ ਠਹਿਰਨਗੇ ਅਤੇ ਮੁਗ਼ਲ ਸਰਕਾਰ ਦਾ ਖਜ਼ਾਨਾ ਸਪਾਹੀਆਂ ਦੀ ਇਸ ਟੁਕੜੀ ਦਾ ਖਰਚਾ ਦਵੇਗਾ।

ਵਰਣਨਯੋਗ ਹੈ ਕਿ ਸ. ਬਘੇਲ ਸਿੰਘ ਨੇ ਆਪਣੇ ਵਾਸਤੇ ਕੁਝ ਨਾ ਮੰਗਏ। ਉਸਨੇ ਦਿੱਲੀ ਤੇ ਰਾਜ ਕਰਨ ਲਈ ਵੀ ਨਾ ਕਿਹਾ। ਉਸਨੇ ਸਿਰਫ਼ ਇਤਨਾ ਕਿਹਾ ਕਿ ਸਿੱਖ ਗੁਰੂਆਂ ਦੀ ਯਾਦਗਾਰ ਵਿੱਚ ਗੁਰਦਵਾਰੇ ਬਣਾਏ ਜਾਣ।

ਸ਼ਾਹ ਆਲਮ ਨੇ ਸ. ਬਘੇਲ ਸਿੰਘ ਦੀਆਂ ਮੰਗਾਂ ਮੰਨ ਲਈਆਂ ਅਤੇ ਫਿਰ ਖਾਲਸਾ ਫ਼ੌਜ ਨੇ ਲਾਲ ਕਿਲਾ ਖਾਲੀ ਕਰ ਦਿਤਾ। ਸਰਦਾਰ ਬਘੇਲ ਸਿੰਘ ਨੇ ਲਖਪਤ ਰਾਏ ਨੂੰ ਮੁਗ਼ਲ ਦਰਬਾਰ ਦਾ ਦੂਤ ਨਿਯੁੱਕਤ ਕਰ ਦਿਤਾ।

ਸ਼ਰਦਾਰ ਬਘੇਲ ਸਿੰਘ ਕੁਝ ਚੋਣਵੇਂ ਹਿੰਦੂ, ਸਿੱਖ ਅਤੇ ਮੁਸਲਮਾਨਾਂ ਨੂੰ ਮਿਲੇ ਜਿਹਨਾਂ ਦੇ ਪਰਵਾਰਾਂ ਨੇ ਗੁਰੁ ਹਰਿਕ੍ਰਿਸ਼ਨ ਦੇ ਸਮੇਂ ਦਿੱਲੀ ਵਿਚ ਵਸੋਂ ਬਣਾਈ ਸੀ। ਉਹਨਾਂ ਨੇ ਦਿੱਲੀ ਵਿੱਚ ਉਹਨਾਂ ਸਥਾਨਾਂ ਬਾਰੇ ਦਸਿਆ ਜਿੱਥੇ ਗੁਰੁ ਨਾਨਕ, ਗੁਰੂ ਹਰਿਕ੍ਰਿਸ਼ਨ, ਗੁਰੂ ਗੋਬਿੰਦ ਸਿੰਘ ਅਤੇ ਮਾਤਾ ਸੁੰਦਰੀ ਜੀ ਠਹਰੇ ਸੀ। ਉਹਨਾਂ ਨੇ ਗੁਰੁ ਤੇਗ ਬਹਾਦੁਰ ਜੀ ਦੇ ਸ਼ਹੀਦ ਹੋਣ ਵਾਲੀ ਅਸਲ ਥਾਂ ਦੀ ਨਿਸ਼ਾਨਦੇਹੀ ਕਰਨ ਵਿਚ ਵੀ ਮਦਦ ਕੀਤੀ।

ਸ. ਬਘੇਲ ਸਿੰਘ ਨੇ ਸੱਤ ਥਾਵਾਂ ਦੀ ਸ਼ਨਾਖਤ ਕੀਤੀ ਜਿਥੇ ਗੁਰਦਵਾਰਿਆਂ ਦੀ ਉਸਾਰੀ ਕੀਤੀ ਗਈ: ਗੁਰਦਵਾਰਾ ਨਾਨਕ ਪਿਆਓ; ਗੁਰਦਵਾਰਾ ਮਜਨੂ ਟਿੱਲਾ; ਗੁਰਦਵਾਰਾ ਰਕਾਬ ਗੰਜ; ਗੁਰਦਵਾਰਾ ਮੋਤੀ ਬਾਗ; ਗੁਰਦਵਾਰਾ ਮਾਤਾ ਸੁੰਦਰੀ ਜੀ; ਗੁਰਦਵਾਰਾ ਸੀਸ ਗੰਜ ਅਤੇ ਗੁਰਦਵਾਰਾ ਬੰਗਲਾ ਸਾਹਿਬ।

ਇਹ ਗੁਰਦਵਾਰੇ ਅੱਜ ਵੀ ਹੋਂਦ ਵਿਚ ਹਨ ਅਤੇ ਪੂਰੀ ਚੜ੍ਹਦੀ ਕਲਾ ਵਿਚ ਹਨ। ਗੁਰਦਵਾਰਾ ਬੰਗਲਾ ਸਾਹਿਬ, ਸੀਸ ਗੰਜ ਅਤੇ ਰਕਾਬ ਗੰਜ ਵਿਸ਼ੇਸ਼ ਕਰਕੇ ਬਹੁਤ ਵੱਡੇ ਗੁਰਦਵਾਰੇ ਹਨ ਅਤੇ ਪੂਰੀ ਤਰ੍ਹਾਂ ਰੌਣਕ-ਭਰਪੂਰ ਹਨ।

ਸਰਦਾਰ ਬਘੇਲ ਸਿੰਘ ਛੇ ਮਹੀਨੇ ਹੋਰ ਦਿੱਲੀ ਵਿਚ ਰਹੇ ਤਾਕਿ ਇਹਨਾਂ ਗੁਰਦਵਾਰਿਆਂ ਦੀ ਸਥਾਪਤੀ ਨੂੰ ਦੇਖ ਸਕਨ।

ਸ਼ਾਹ ਆਲਮ ਸਿਰਫ਼ ਲਾਲ ਕਿਲੇ ਦੇ ਅੰਦਰ ਹੀ ਰਾਜ ਚਲਾਉਂਦਾ ਰਿਹਾ ਜਦ ਕਿ ਸਾਰੀ ਦਿੱਲੀ ਵਿਚ ਸਿੱਖ ਫ਼ੌਜਾਂ ਦਾ ਕੰਟਰੋਲ ਰਿਹਾ।

ਸ਼ਰਦਾਰ ਬਘੇਲ ਸ਼ਿੰਘ ਸ਼ਾਹ ਆਲਮ ਨੂੰ ਨਵੰਬਰ ੧੭੮੩ ਵਿਚ ਆਖਰੀ ਵਾਰ ਮਿਲੇ। ਸ਼ਹਿਨਸ਼ਾਹ ਨੇ ਉਸਨੂੰ ਅਨੇਕਾਂ ਕੀਮਤੀ ਤੋਹਫ਼ੇ ਦਿਤੇ ਜੋ ਕਿ ਬਰਾਬਰ ਦੇ ਅਹੁਦੇ ਵਾਲਿਆਂ ਨੂੰ ਦਿਤੇ ਜਾਂਦੇ ਹਨ।

ਖੈਰ, ਸਰਦਾਰ ਬਘੇਲ ਸਿੰਘ ਦੇ ਪੰਜਾਬ ਆ ਜਾਣ ਤੋਂ ਛੇਤੀ ਬਾਅਦ ਸ਼ਾਹ ਆਲਮ ਨੇ ਸਿੱਖਾਂ ਵਿਰੁੱਧ ਸਾਜ਼ਸ਼ਾਂ ਘੜਨੀਆਂ ਸ਼ੁਰੂ ਕਰ ਦਿਤੀਆਂ। ਸਰਦਾਰ ਬਘੇਲ ਸਿੰਘ, ਸਰਦਾਰ ਗੁਰਦਿੱਤ ਸਿੰਘ ਅਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੂੰ ੧੭੮੫ ਵਿਚ ਮੁੜ ਦਿੱਲੀ ਪਰਤਣਾ ਪਿਆ। ਉਹਨਾਂ ਨੇ ਮੁਗ਼ਲਾਂ ਅਤੇ ਮਰਾਠਿਆਂ ਦੀਆ ਸਮੂਹ ਫ਼ੌਜਾਂ ਨੂੰ ਕਾਬੂ ਕਰ ਲਿਆ ਜੋ ਆਪਸ ਵਿਚ ਇਕੱਠੇ ਹੋ ਗਏ ਸਨ।

ਇਸ ਤੋਂ ਬਾਅਦ, ਸਰਦਾਰ ਬਘੇਲ ਸਿੰਘ ਆਪਣੀ ਵਧਦੀ ਉਮਰ ਦੇ ਕਾਰਨ ਬਹੁਤਾ ਸਮਾਂ ਪੰਜਾਬ ਵਿਚ ਹੀ ਰਹੇ।੧੮੦੨ ਵਿਚ ਉਸਨਾਂ ਦਾ ਦੇਹਾਂਤ ਹੋ ਗਿਆ, ਪਰ ਓਹਨਾਂ ਦੀ ਵਿਰਾਸਤ ਸਾਡੇ ਕੋਲ ਸਦੀਵਕਾਲ ਅਮਰ ਰਹੇਗੀ।

*****************

# ੭. ਹਰੀ ਸਿੰਘ ਨਲਵਾ

ਹਰੀ ਸਿੰਘ ਨਲਵਾ ਅਤੇ ਅਕਾਲੀ ਫ਼ੂਲਾ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਦੇ ਬਹਾਦਰ ਸਿਪਾਹੀ ਸਨ।

ਹਰੀ ਸਿੰਘ ਨਲਵਾ ਦਾ ਜਨਮ ੧੭੯੧ ਵਿਚ ਹੋਇਆ। ਉਸਦੇ ਪਿਤਾ ਜੀ ਨੇ ਸੁਕਰਚੱਕੀਆ ਮਿਸਲ ਦੀਆਂ ਕਈ ਲੜਾਈਆਂ ਵਿਚ ਹਿੱਸਾ ਲਿਆ ਸੀ। ਹਰੀ ਸਿੰਘ ਸੱਤ ਸਾਲ ਦਾ ਸੀ ਜਦੋਂ ਉਸਦੇ ਪਿਤਾ ਜੀ ਦਾ ਦੇਹਾਂਤ ਹੋ ਗਿਆ। ਉਸਦੇ ਮਾਤਾ ਜੀ ਧਰਮ ਕੌਰ ਨੇ ਹਰੀ ਸਿੰਘ ਨੂੰ ਚੰਗੀ ਵਿੱਦਿਆ, ਨਾਲ ਹੀ ਘੋੜ ਸਵਾਰੀ ਅਤੇ ਸ਼ਸਤਰ ਵਿਦਿਆ ਦੇਣਾ ਯਕੀਨਨ ਬਣਾਇਆ।

੧੮੦੫ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਹਰੀ ਸਿੰਘ ਨੂੰ ਖਾਲਸਾ ਫ਼ੌਜ ਵਿਚ ਭਰਤੀ ਹੋਣ ਲਈ ਇਕ ਭਰਤੀ ਕੇਂਦਰ ਵਿਚ ਦੇਖਿਆ। ਮਹਾਰਾਜਾ ਉਸਦੀ ਯੋਗਤਾ ਅਤੇ ਸ਼ਸਤਰ ਪ੍ਰਤਿਭਾ ਦੇਖ ਕੇ ਇਤਨਾ ਪ੍ਰਭਾਵਤ ਹੋਇਆ ਕਿ ਉਸਨੇ ਹਰੀ ਸਿੰਘ ਨੂੰ ਆਪਣਾ ਨਿੱਜੀ ਰਖ਼ਸ਼ਕ ਭਰਤੀ ਕਰ ਲਿਆ।

ਇਕ ਦਿਨ ਮਹਾਰਾਜਾ ਦੀ ਇਕ ਸ਼ਿਕਾਰ ਮੁਹਿੰਮ ਤੇ ਹਰੀ ਸਿੰਘ ਉਸਦੇ ਨਾਲ ਸੀ। ਅਚਨਚੇਤ ਇਕ ਚੀਤਾ ਝਾੜੀਆਂ ਵਿਚੋਂ ਬਾਹਰ ਨਿਕਲਿਆ। ਹਰੀ ਸਿੰਘ ਇਕ ਦਮ ਚੀਤੇ ਦੇ ਬਿਲਕੁਲ ਸਾਹਮਣੇ ਹੋ ਗਿਆ ਅਤੇ ਤਲਵਾਰ ਕੱਢ ਲਈ। ਚੀਤਾ ਜਦੋਂ ਉਸ ਉੱਪਰ ਝਪਟਿਆ ਤਾਂ ਹਰੀ ਸਿੰਘ ਨੇ ਚੀਤੇ ਨੂੰ ਜਬਾੜੇ ਤੋਂ ਫੜ ਲਿਆ ਅਤੇ ਆਪਣੀ ਤਲਵਾਰ ਨਾਲ ਉਸਦਾ ਸਿਰ ਵੱਢ ਦਿਤਾ। ਕਿਉਂਕਿ ਉਸਨੇ ਚੀਤੇ ਨੂੰ ਸਿਰਫ਼ ਹੱਥਾ ਨਾਲ ਮਾਰਿਆ ਸੀ, ਉਸਨੂੰ 'ਨਲਵਾ' ਦਾ ਖਿਤਾਬ ਦਿਤਾ ਗਿਆ। ਉਸਨੂੰ 'ਸ਼ੇਰ-ਦਿਲ' ਰੈਜਮੰਟ ਦਾ ਕਮਾਂਡਰ ਬਣਾ ਦਿਤਾ ਗਿਆ।

ਹਰੀ ਸਿੰਘ ਲੜਾਈਆਂ ਵਿਚ ਇਕ ਬਹੁਤ ਹੀ ਬਹਾਦਰ ਸਿਪਾਹੀ ਅਤੇ ਚੰਗਾ ਯੁੱਧ-ਨੀਤੀ ਵੇਤਾ ਸੀ।

ਜਦੋਂ ਮਹਾਰਾਜਾ ਨੇ ਕਸੂਰ ਤੇ ਹਮਲਾ ਕੀਤਾ, ਤਾਂ ਫ਼ੌਜ ਕਿਲੇ ਦੇ ਅੰਦਰ ਨਹੀਂ ਜਾ ਸਕ ਰਹੀ ਸੀ। ਹਰੀ ਸਿੰਘ ਨੇ ਕਿਲੇ ਦੀਆਂ ਕੰਧਾਂ ਹੇਠ ਬਾਰੂਦ ਰੱਖ ਦਿਤਾ ਅਤੇ ਕੰਧਾਂ ਨੂੰ ਤਿੰਨ ਥਾਵਾਂ ਤੋਂ ਉਡਾ ਦਿਤਾ। ਮਹਾਰਾਜੇ ਦੀਆ ਫ਼ੌਜਾਂ ਉਹਨਾਂ ਕੰਧਾਂ ਦੀਆਂ ਵਿੱਥਾ ਵਿਚੋਂ ਅੰਦਰ ਚਲੀ ਗਈ ਅਤੇ ਕਿਲੇ ਤੇ ਕਬਜ਼ਾ ਕਰ ਲਿਆ। ਮਹਾਰਾਜਾ ਇਤਨਾ ਪ੍ਰਭਾਵਤ ਹੋਇਆ ਕਿ ਹਰੀ ਸਿੰਘ ਨੂੰ ਪਦ-ਉੱਨਤ ਕਰਕੇ ਜਰਨੈਲ ਬਣਾ ਦਿਤਾ ਅਤੇ ੮੦੦ ਘੋੜ ਸਵਾਰ ਸਿਪਾਹੀਆ ਦਾ ਇੰਚਾਰਜ ਬਣਾ ਦਿਤਾ।

ਹਰੀ ਸਿੰਘ ਨੇ ਇਕ ਹੋਰ ਮੁਹਿੰਮ ਵੇਲੇ ਮੁਲਤਾਨ ਦੇ ਕਿਲੇ ਦੀਆਂ ਕੰਧਾਂ ਉਡਾਉਣ ਲਈ ਬਾਰੂਦ ਵਰਤਣ ਦੀ ਹਿੰਮਤ ਕੀਤੀ। ਉਸ ਹਮਲੇ ਵਿਚ ਉਹ ਜ਼ਬਰਦਸਤ ਜ਼ਖਮੀ ਹੋ ਗਿਆ ਅਤੇ ਮਹਾਰਾਜਾ ਨੇ ਉਸਨੂੰ ਢੇਰ ਸਾਰੇ ਇਨਾਮ ਦਿਤੇ।

੧੮੧੯ ਵਿਚ ਮਹਾਰਾਜਾ ਕਸ਼ਮੀਰ ਨੂੰ ਜਿੱਤ ਕੇ ਆਪਣੇ ਰਾਜ ਵਿਚ ਮਿਲਾਉਣ ਵਿੱਚ ਕਾਮਯਾਬ ਹੋ ਗਿਆ। ਇਸ ਰਾਜ ਵਿਚ ਕੋਈ ਸ਼ਕਤੀਸ਼ਾਲੀ ਹੁਕਮਰਾਨ ਨਹੀਂ ਸੀ ਅਤੇ ਲੋਕਾਂ ਵਿਚ ਅਸੰਤੁਸ਼ਟੀ ਅਤੇ ਗੜਬੜ ਚਲ ਰਹੀ ਸੀ।

ਹਰੀ ਸਿੰਘ ਇਕ ਦੂਰ-ਦ੍ਰਿਸ਼ਟੀ ਰਖਣ ਵਾਲਾ ਆਗੂ ਅਤੇ ਕਾਬਲ ਪ੍ਰਬੰਧਕ ਸਾਬਤ ਹੋਇਆ। ਉਸਨੇ ਸੱਤ ਸੁਧਾਰ ਲਾਗੂ ਕੀਤੇ ਜਿਸ ਨਾਲ ਕਸ਼ਮੀਰੀਆ ਦਾ ਜੀਵਨ ਬੇਹਤਰ ਹੋ ਗਿਆ ਅਤੇ ਇਸ ਖੇਤਰ ਵਿਚ ਅਮਨ ਚੈਨ ਹੋ ਗਿਆ।

*੧. ਹਰੀ ਸਿੰਘ ਨੇ ਉਹਨਾਂ ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਿਹੜੇ ਨਵੇਂ ਮਹਾਰਾਜਾ ਦੇ ਕਨੂੰਨਾਂ ਦੀ ਉਲੰਘਣਾ ਕਰਦੇ ਸਨ।*
*੨. ਉਸਨੇ ਜ਼ਿਮੀਦਾਰਾਂ ਵਲੋਂ ਰਾਜ ਸਰਕਾਰ ਨੂੰ ਦੇਣ ਵਾਲਾ ਮਾਲੀਆ ਘੱਟ ਕਰ ਦਿਤਾ। ਉਹ ਬਿਨਾਂ ਕਿਸੇ ਜ਼ਬਰਦਸਤੀ ਦੇ ਇਹ ਮਾਲੀਆ ਆਪਣੇ ਆਪ ਦੇਣ ਲਗ ਪਏ।*
*੩. ਉਸਨੇ ਮਜਬੂਰਨ ਮੁਸ਼ੱਕਤ ਖਤਮ ਕਰ ਦਿਤੀ ਜੋ ਕਿਸਾਨਾਂ ਨੂੰ ਸਰਕਾਰੀ ਅਫ਼ਸਰਾਂ ਲਈ ਕਰਨੀ ਪੈਂਦੀ ਸੀ। ਹੁਨ ਉਹ ਆਪਣੀ ਜ਼ਮੀਨ ਤੇ ਆਪ ਕੰਮ ਕਰ ਸਕਦੇ ਸੀ।*
*੪. ਉਸਨੇ ਵਿਆਹ, ਜਨਮ ਅਤੇ ਸਗਾਈਆਂ ਤੇ ਟੈਕਸ ਖਤਮ ਕਰ ਦਿਤੇ।*
*੫. ਰਾਜ ਵਿਚ ਕੇਸਰ ਅਤੇ ਉਨ ਦੀ ਪੈਦਾਵਾਰ ਵਧਾਉਣ ਲਈ ਉਸਨੇ ਸਰਕਾਰੀ ਸਹਾਇਤਾ ਦੇਣ ਦਾ ਪ੍ਰਬੰਧ ਕੀਤਾ।*
*੬. ਉਸਨੇ ਨਾਪ-ਤੋਲ ਦੇ ਜੰਤਰਾਂ ਨੂੰ ਸਥਿਰ ਕੀਤਾ ਤਾਕਿ ਵਿਓਪਾਰ ਅਤੇ ਲੈਣ ਦੇਣ ਚੰਗੀ ਤਰ੍ਹਾਂ ਚਲ ਸਕੇ।*
*੭. ਉਸਨੇ ਉਹ ਕਾਨੂੰਨ ਖਤਮ ਕਰ ਦਿਤਾ ਜਿਸ ਅਨੁਸਾਰ ਸਿਰਫ਼ ਮੁਸਲਮਾਨ ਹੀ ਜੁੱਤੇ ਜਾਂ ਪਗੜੀ ਪਹਿਨ ਸਕਦੇ ਸਨ।*

ਬਾਅਦ ਵਿਚ ਜਦ ਸਿੱਖ ਮਿਸਲਾਂ ਇਕ-ਜੁੱਟ ਹੋ ਗਈਆਂ ਅਤੇ ਕਸ਼ਮੀਰ ਵਿਚ ਚੰਗਾ ਰਾਜ ਪ੍ਰਬੰਧ ਚਲਨ ਲੱਗਾ ਤਾਂ ਹਰੀ ਸਿੰਘ ਨੇ ਦੀਵਾਨ ਮੋਤੀ ਰਾਮ ਨੂੰ ਕਸ਼ਮੀਰ ਦਾ ਗਵਰਨਰ ਬਣਾ ਦਿਤਾ ਅਤੇ ਆਪ ਮਹਾਰਾਜਾ ਦੀ ਫ਼ੌਜ ਦੀਆ ਜੇਤੂ ਮੁਹਿੰਮਾਂ ਵਿਚ ਆ ਰਲਿਆ।

ਮਹਾਰਾਜਾ ਰਣਜੀਤ ਸਿੰਘ ਨੇ ਆਪਣਾ ਰਾਜ ਕਾਬਲ ਤੱਕ ਵਧਾਉਣ ਲਈ ਉਪਰਾਲਾ ਕੀਤਾ। ਉਸਨੇ ਪੇਸ਼ਾਵਰ ਨੂੰ ਕਬਜ਼ੇ ਵਿਚ ਕਰਨ ਲਈ ਮੁਹਿੰਮ ਚਲਾਈ ਅਤੇ ੧੮੩੪ ਵਿਚ ਇਸ ਇਲਾਕੇ ਨੂੰ ਆਪਣੇ ਰਾਜ ਵਿਚ ਮਿਲਾਉਣ ਵਿਚ ਕਾਮਯਾਬ ਹੋ ਗਿਆ। ਉਸਨੇ ਹਰੀ ਸਿੰਘ ਨਲਵਾ ਨੂੰ ਪੇਸ਼ਾਵਰ ਦਾ ਗਵਰਨਰ ਨਿਯੁੱਕਤ ਕਰ ਦਿਤਾ। ਹਰੀ ਸਿੰਘ ਨਲਵਾ ਨੇ ਪੇਸ਼ਾਵਰ ਦੇ ਰਾਜ ਪ੍ਰਬੰਧ ਵਿਚ ਅਨੇਕਾਂ ਸੁਧਾਰ ਕੀਤੇ। ਉਸਨੇ ਜਜ਼ੀਆਂ ਟੈਕਸ ਖਤਮ ਕਰ ਦਿਤਾ ਜੋ ਕਿ ਗੈਰ-ਮੁਸਮਾਨਾਂ ਨੂੰ ਦੇਣਾ ਪੈਂਦਾ ਸੀ। ਉਸਨੇ ਸਰਕਾਰੀ ਖਰਚੇ ਤੇ ਕਈ ਨਹਿਰਾਂ ਅਤੇ ਖੂਹ ਵੀ ਲਗਵਾਏ। ਇਸ ਨਾਲ ਸਾਰੇ ਇਲਾਕੇ ਦੀ ਖੇਤੀਬਾੜੀ ਉਪਜ ਵਧ ਗਈ।

ਹਰੀ ਸਿੰਘ ਨੇ ਪੇਸ਼ਾਵਰ ਰਾਜ ਦੇ ਬਾਰਡਰ ਤੇ ਕਈ ਕਿਲਿਆਂ ਨੂੰ ਮਜ਼ਬੂਤ ਕੀਤਾ। ਇਹਨਾਂ ਵਿਚੋਂ ਇਕ ਕਿਲਾ ਜਮਰੌਦ ਦਾ ਸੀ ਅਤੇ ਉਥੇ ਮਹਾਂ ਸਿੰਘ ਨੂੰ ਸਾਰੇ ਭੰਡਾਰ ਦਾ ਇੰਚਾਰਜ ਬਣਾਇਆ। ਉਸਨੇ ਇਕ ਦੂਜਾ ਕਿਲਾ ਸ਼ਬਦਕਦਰ ਨਾਮੀ ਬਣਵਾਇਆ। ਜਮਰੌਦ ਅਤੇ ਸ਼ਬਦਕਦਰ ਕਿਲੇ ਖੈਬਰ ਦਰ੍ਹਾ ਦੇ ਇਕ ਇਕ ਪਾਸੇ ਸਨ।

ਖੈਬਰ ਦਰ੍ਹਾ ਹੀ ਪਹਾੜਾਂ ਵਿਚੋਂ ਦੀ ਅਫ਼ਗਾਨਿਸਤਾਨ ਵਿਚ ਦਾਖਲ ਹੋ ਸਕਣ ਦਾ ਇਕ ਰਸਤਾ ਸੀ। ਕਾਬਲ ਦੇ ਗਵਰਨਰ ਦੋਸਤ ਮੁਹੰਮਦ ਨੇ ਕਿਲਿਆਂ ਦੇ ਬਨਾਉਣ ਤੇ ਸੋਚਿਆ ਕਿ ਸਿੱਖ ਸ਼ਾਇਦ ਅਫ਼ਗਾਨਿਸਤਾਨ ਤੇ ਹਮਲਾ ਕਰਨ।

ਹਰੀ ਸਿੰਘ ਜਦ ਪੇਸ਼ਾਵਰ ਮੁੜਿਆ ਤਾਂ ਬੀਮਾਰ ਪੈ ਗਿਆ। ਦੋਸਤ ਮੁਹੰਮਦ ਨੇ ਜਮਰੌਦ ਦੇ ਕਿਲੇ ਤੇ ਹਮਲਾ ਕਰਨ ਦਾ ਮੌਕਾ ਦੇਖਿਆ। ਉਸ ਦੀਆਂ ਤੋਪਖਾਨਾ ਫ਼ੌਜਾਂ ਨੇ ਕਿਲੇ ਨੂੰ ਤਬਾਹ ਕਰ ਦਿਤਾ। ਸਿੱਖਾਂ ਨੇ ਮੋਰਚੇ ਖੋਦੇ ਅਤੇ ਚਾਰ ਦਿਨਾਂ ਤਕ ਪਠਾਨੀ ਫ਼ੌਜਾਂ ਨੂੰ ਰੋਕੀ ਰਖਿਆ। ਉਹਨਾਂ ਨੇ ਇਕ ਸਿੱਖ ਔਰਤ ਨੂੰ ਪਠਾਣੀ ਪਹਿਰਾਵਾ ਪਹਿਨਾ ਕੇ ਉਸ ਰਾਹੀ ਪੇਸ਼ਾਵਰ ਸਿਨਹਾ ਭੇਜਿਆ।

ਜਦੋਂ ਹਰੀ ਸਿੰਘ ਨੂੰ ਮਹਾਂ ਸਿੰਘ ਤੋਂ ਮਦਦ ਲਈ ਜ਼ਰੂਰੀ ਸਿਨਹਾ ਮਿਲਿਆ ਤਾਂ ਉਹ ਤੁਰੰਤ ਜਮਰੌਦ ਵੱਲ ਚੱਲ ਪਿਆ। ਉਹ ਆਪਣੀਆਂ ਫ਼ੌਜਾਂ ਨਾਲ ਜਮਰੌਦ ਪਹੁੰਚਿਆ। ਨਲਵਾ ਦੇ ਆਉਣ ਨਾਲ ਅਫ਼ਗਾਨੀ ਫ਼ੌਜਾਂ ਘਬਰਾ ਗਈਆਂ ਅਤੇ ਜਮਰੌਦ ਤੋਂ ਖੈਬਰ ਘਾਟੀ ਵੱਲ ਮੁੜ ਗਈਆਂ। ਜਦੋਂ ਨਲਵਾ ਨੂੰ ਪਤਾ ਲੱਗਾ ਕਿ ਅਫ਼ਗਾਨੀ ਫ਼ੌਜਾਂ ਲੜਾਈ ਕਰਨ ਤੋਂ ਡਰਦੀਆਂ ਹਨ ਤਾਂ ਉਸਨੇ ਪੰਜਾਬੀ ਫ਼ੌਜਾਂ ਨੂੰ ਅੱਗੇ ਵਧਾਇਆ ਅਤੇ ਅਫ਼ਗਾਨੀਆਂ ਨੂੰ ਪਿੱਛੇ ਧੱਕ ਦਿਤਾ।

## ਦੂਰ-ਦ੍ਰਿਸ਼ਟੀ ਵਾਲਾ ਪ੍ਰਬੰਧਕ

ਸ੍ਰੀਨਗਰ ਤੋਂ ਚਲਦਿਆਂ ਹੋਇਆ ਹਰੀ ਸਿੰਘ ੨੮ ਨਵੰਬਰ ੧੮੨੧ ਨੂੰ ਖੁਸ਼ਬ ਸਥਾਨ ਤੇ ਮਹਾਰਾਜਾ ਰਣਜੀਤ ਸਿੰਘ ਨੂੰ ਆ ਮਿਲਿਆ। ੨੧ ਦਸੰਬਰ ੧੮੨੧ ਨੂੰ ਉਹਨਾਂ ਦਸ ਲੱਖ ਦੀ ਸਾਲਾਨਾ ਆਮਦਨ ਵਾਲੇ ਮੁੰਗਰ ਦੇ ਇਲਾਕੇ ਤੇ ਕਬਜ਼ਾ ਕਰ ਲਿਆ ਅਤੇ ਇਸ ਇਲਕੇ ਨੂੰ ਖਾਲਸਾ ਰਾਜ ਵਿਚ ਮਿਲਾ ਲਿਆ। ਅਮਰ ਸਿੰਘ ਨੂੰ ਮੁੰਗਰ ਦਾ ਗਵਰਨਰ ਸਥਾਪਤ ਕਰਕੇ ਦੋਨੋ ਹੀ ਵਾਪਸ ਲਾਹੌਰ ਆ ਗਏ। ਜਦੋਂ ਮਹਾਰਾਜਾ ਅਮਰ ਸਿੰਘ ਹਜ਼ਾਰਾ ਦੀ ਬਗ਼ਾਵਤ ਨੂੰ ਦਬਾਉਣ ਵਿਚ ਲੱਗਾ ਹੋਇਆ ਸੀ, ਉਹ ਵੇਲੇ ਅਮਰ ਸਿੰਘ ਦੀ ਮੌਤ ਦੀ ਖਬਰ ਮਿਲੀ। ਮਹਾਰਾਜਾ ਨੇ ਹਰੀ ਸਿੰਘ ਨੂੰ ਹਜ਼ਾਰਾ ਦੇ ਗਵਰਨਰ ਦੇ ਤੌਰ ਤੇ ਭੇਜਿਆ। ਉਥੇ ਪਹੁੰਚ ਕੇ ਉਸਨੇ ਉਹਨਾਂ ਸਾਰਿਆਂ ਨੂੰ ਤੋਪਾਂ ਨਾਲ ਉਡਾ ਦਿਤਾ ਜਿਹਨਾਂ ਧੋਖੇ ਨਾਲ ਅਮਰ ਸਿੰਘ ਦਾ ਕਤਲ ਕੀਤਾ ਸੀ। ਇਸਤਰ੍ਹਾਂ ਲੋਕ ਡਰ ਗਏ ਅਤੇ ਸਾਰੇ ਇਲਾਕੇ ਵਿਚ ਅਮਨ ਚੈਨ ਹੋ

ਗਿਆ। ਅਮਨ ਚੈਨ ਬਰਕਰਾਰ ਰੱਖਣ ਲਈ ਉਸਨੇ ਸਾਰੇ ਇਲਾਕੇ ਵਿਚ ਸੜਕਾਂ ਬਣਵਾਈਆਂ, ਕਈ ਥਾਵਾਂ ਤੇ ਕਿਲੇ ਬਣਵਾਏ ਅਤੇ ਹਰੀਪੁਰ ਨਾਮੀ ਇਕ ਸ਼ਹਿਰ ਦੀ ਸਥਾਪਨਾ ਕੀਤੀ।

ਅਕਤੂਬਰ ੧੮੩੧ ਵਿਚ ਰੋਪੜ ਦੇ ਮੁਕਾਮ ਤੇ ਗਵਰਨਰ ਜਨਰਲ ਵਿਲੀਅਮ ਬੈਂਟਿਕ ਨਾਲ ਮੁਲਾਕਾਤ ਦੌਰਾਨ ਮਹਾਰਾਜਾ ਰਣਜੀਤ ਸਿੰਘ ਨੇ ਕਿਹਾ: 'ਮੇਰੀ ਮੌਤ ਤੋਂ ਬਾਅਦ ਸ਼ਹਿਜ਼ਾਦਾ ਖੜਕ ਸਿੰਘ ਮੇਰਾ ਉਤਰਾਧਿਕਾਰੀ ਬਣੇਗਾ'। ਕਈ ਦਰਬਾਰੀਆ ਨੇ ਮਹਾਰਾਜਾ ਦੇ ਇਸ ਕਥਨ ਦੀ ਪ੍ਰੋੜਤਾ ਕੀਤੀ, ਪਰ ਹਰੀ ਸਿੰਘ ਨੇ ਕਿਹਾ: "ਮਹਾਰਾਜਾ ਦਾ ਉਤਰਾਧਿਕਾਰੀ ਕੌਣ ਹੋਵੇਗਾ, ਇਸਦਾ ਫ਼ੈਸਲਾ ਪੰਜ ਪਿਆਰਿਆਂ ਤੇ ਛੱਡ ਦਿਤਾ ਜਾਵੇ ਕਿਉਂਕਿ ਇਹ ਰਾਜ ਭਾਗ ਖਾਲਸੇ ਦਾ ਹੈ। ਇਸ ਦੀ ਸਥਾਪਨਾ ਲਈ ਖਾਲਸੇ ਨੇ ਆਪਣੀਆਂ ਜਾਨਾਂ ਦੀਆਂ ਕੁਰਬਾਨੀਆਂ ਕੀਤੀਆਂ ਹਨ ਅਤੇ ਹੁਣ ਵੀ ਬਿਨਾ ਕਿਸੇ ਤਨਖਾਹ ਦੇ ਕਰ ਰਹੇ ਹਨ।" ਸਾਰੇ ਦਰਬਾਰੀਆਂ ਨੇ ਹਰੀ ਸਿੰਘ ਦੇ ਬਚਨਾਂ ਨੂੰ ਸੁਣਿਆ ਪਰ ਖੁਦਗਰਜ਼ੀ ਨੇ ਉਹਨਾਂ ਸ਼ਬਦਾਂ ਨੂੰ ਬੇ-ਮਾਹਨੇ ਬਣਾ ਦਿਤਾ।

ਮਹਾਰਾਜਾ ਨੇ ਪੇਸ਼ਾਵਰ ਦੇ ਸੂਬੇ ਤੇ ਕਬਜ਼ਾ ਕੀਤਾ ਅਤੇ ਇਸਦਾ ਪ੍ਰਬੰਧ ਸੁਲਤਾਨ ਖਾਨ ਨੂੰ ਸੌਂਪ ਦਿਤਾ। ਖਾਲਸਾ ਰਾਜ ਦੀਆਂ ਹੱਦਾਂ ਨੂੰ ਕਾਬਲ ਤੱਕ ਵਧਾਉਣ ਦਾ ਫ਼ੈਸਲਾ ਕਰਨ ਤੇ ਮਹਾਰਾਜਾ ਨੇ ੬ ਮਈ ੧੮੩੪ ਨੂੰ ਪੇਸ਼ਾਵਰ ਤੇ ਕਬਜ਼ਾ ਕਰ ਲਿਆ ਅਤੇ ਇਸ ਇਲਾਕੇ ਨੂੰ ਖਾਲਸਾ ਰਾਜ ਵਿਚ ਮਿਲਾ ਕੇ ਹਰੀ ਸਿੰਘ ਨੂੰ ਇਸਦਾ ਗਵਰਨਰ ਥਾਪਿਆ।ਪਹਿਲਾਂ ਤਾਂ ਹਰੀ ਸਿੰਘ ਨੇ ਉਹ ਜਜ਼ੀਆ ਖਤਮ ਕੀਤਾ ਜੋ ੧੬੫੮ ਵਿਚ ਔਰੰਗਜ਼ੇਬ ਨੇ ਹਿੰਦੂਆਂ ਤੇ ਜਬਰਨ ਲਗਾਇਆ ਸੀ। ਉਸਦਾ ਦੂਜਾ ਕੰਮ ਕਾਬਲ ਨਦੀ ਵਿਚੋਂ ਸਿੰਚਾਈ ਵਾਸਤੇ ਨਹਿਰਾਂ ਬਨਾਉਣਾ ਸੀ। ਤੀਸਰਾ, ਉਸਨੇ ਇਲਾਕੇ ਵਿਚ ਸਰਕਾਰੀ ਖਰਚੇ ਤੇ ਥਾਂ ਥਾਂ ਖੂਹ ਪੁਟਵਾਏ ਜਿਥੇ ਨਹਿਰੀ ਪਾਣੀ ਨਹੀਂ ਪਹੁੰਚ ਸਕਦਾ ਸੀ। ਇਸਤਰ੍ਹਾਂ ਕਰਨ ਨਾਲ ਖੇਤੀਬਾੜੀ ਦੀ ਉਪਜ ਵਿਚ ਬਹੁਤ ਵਾਧਾ ਹੋਇਆ। ਫ਼ਸਲਾਂ ਤੋਂ ਮਾਮਲਾ ਬਾਰਾ ਲੱਖ ਅਤੇ ਚੂੰਗੀ ਤੋਂ ਆਮਦਨ ਚਾਰ ਲੱਕ ਤੱਕ ਪਹੁੰਚ ਗਈ। ਮਹਾਰਾਜਾ ਬਹੁਤ ਖ਼ੁਸ਼ ਹੋਇਆ ਅਤੇ ਉਸਨੇ ਹਰੀ ਸਿੰਘ ਨੂੰ ਆਪਣੇ ਨਾਮ ਤੇ ਟਕਸਾਲ ਵਿਚ ਸਿੱਕੇ ਬਨਾਉਣ ਦੀ ਆਗਿਆ ਦਿਤੀ।

ਪੇਸ਼ਾਵਰ ਦੇ ਪ੍ਰਬੰਧ ਨੂੰ ਠੀਕ ਠਾਕ ਕਰਨ ਤੋਂ ਬਾਅਦ, ਹਰੀ ਸਿੰਘ ਨੇ ਇਸ ਇਲਾਕੇ ਦੀਆਂ ਸਰਹੱਦਾਂ ਵੱਲ ਧਿਆਨ ਦਿਤਾ। ਉਸਨੇ ਮਸੂਸ ਲੀਤਾ ਕਿ ਖੈਬਰ ਪਾਸ ਤੇ ਇਕ ਕਿਲਾ ਉਸਾਰਨਾ ਬਹੁਤ ਜ਼ਰੂਰੀ ਹੈ। ਸੋ ਉਸਨੇ ਅਕਤੂਬਰ ੧੮੩੬ ਵਿਚ ਜਮਰੌਦ ਦੇ ਕੱਚੇ ਕਿਲੇ ਨੂੰ ਇਕ ਸ਼ਕਤੀਸ਼ਾਲੀ ਮਜ਼ਬੂਤ ਕਿਲੇ ਵਿਚ ਬਦਲ ਦਿਤਾ ਅਤੇ ਮਹਾਂ ਸਿੰਘ ਨੂੰ ਇਥੋਂ ਦੇ ਭੰਡਾਰਾਂ ਦਾ ਕਮਾਂਡਰ ਨਿਯੁਕਤ ਕਰ ਦਿਤਾ। ਲੋੜ ਅਨੁਸਾਰ, ਉਸਨੇ ਹੋਰ ਕਿਲੇ ਜਿਵੇਂ ਬਾਰ ਅਤੇ ਸੁਕਰਗੜ੍ਹ ਵੀ ਬਣਵਾਏ। ਕਿਲਿਆਂ ਦਾ ਕੰਮ ਖਤਮ ਕਰਨ ਤੋਂ ਬਾਅਦ, ਹਰੀ ਸਿੰਘ ੧੮੩੭ ਵਿਚ ਪੇਸ਼ਾਵਰ ਆਇਆ ਜਿਥੇ ਉਹ ਬੀਮਾਰ ਹੋ ਗਿਆ।

੨੭ ਅਪਰੈਲ ੧੮੩੭ ਨੂੰ ਤੀਹ ਹਜ਼ਾਰ ਪਠਾਨਾਂ ਨੇ ਜਮਰੌਦ ਦੇ ਕਿਲੇ ਨੂੰ ਘੇਰਾ ਪਾ ਲਿਆ। ਦੂਜੇ ਦਿਨ ਲੜਾਈ ਤੋਂ ਬਾਅਦ, ਮਹਾਂ ਸਿੰਘ ਨੇ ਹਰੀ ਸਿੰਘ ਨੂੰ ਸਿਨਹਾ ਭੇਜਿਆ: 'ਜੇ ਅੱਜ ਕੋਈ ਮਦਦ ਨਾ

ਪਹੁੰਚੀ ਤਾਂ ਇਹ ਸਾਡਾ ਆਖਰੀ ਸਿਨਹਾ ਹੋਵੇਗਾ"। ਸਿਨਹਾ ਮਿਲਣ ਤੇ ਹਰੀ ਸਿੰਘ ਬੀਮਾਰੀ ਦੀ ਹਾਲਤ ਵਿਚ ਜਮਰੌਦ ਪਹੁੰਚਿਆ। ਵਕਤ ਸਿਰ ਪਹੁੰਚ ਕੇ ਉਸਨੇ ਪਠਾਨਾਂ ਨੂੰ ਭਜਾ ਦਿਤਾ ਅਤੇ ਕਿਲੇ ਨੂੰ ਤਬਾਹ ਹੋਣ ਤੋਂ ਬਚਾ ਲਿਆ। ਪਰ ਉਹ ਆਪ ੩੦ ਅਪਰੈਲ ੧੮੩੭ ਨੂੰ ਪਹਾੜੀ ਪਿੱਛੇ ਲੁਕੇ ਇਕ ਪਠਾਨ ਦੀ ਗੋਲੀ ਦਾ ਸ਼ਿਕਾਰ ਹੋ ਗਿਆ।

*****************

# ੮. ਅਕਾਲੀ ਫੂਲਾ ਸਿੰਘ

ਅਕਾਲੀ ਫੂਲਾ ਸਿੰਘ ੧੭੬੧ ਵਿਚ ਉਸ ਇਲਾਕੇ ਵਿਚ ਪੈਦਾ ਹੋਇਆ ਜੋ ਅੱਜ ਕਲ੍ਹ ਹਰਿਆਣੇ ਵਿਚ ਹੈ। ਉਸਦਾ ਪਿਤਾ ਈਸ਼ਰ ਸਿੰਘ ਮਿਸਲ ਸ਼ਹੀਦਾਂ ਦਾ ਮੈਂਬਰ ਸੀ। ਸਰਦਾਰ ਈਸ਼ਰ ਸਿੰਘ ਵੱਡੇ ਘੱਲੂਗਾਰੇ ਵਿਚ ਬਹੁਤ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ ਸੀ। ਮਰਨ ਤੋਂ ਪਹਿਲਾਂ ਉਸਨੇ ਮਿਸਲ ਸ਼ਹੀਦਾਂ ਦੇ ਮੁਖੀ ਨਰਾਇਣ ਸਿੰਘ ਨੂੰ ਆਪਣੇ ਪੁੱਤਰ ਦਾ ਧਿਆਨ ਰਖਣ ਲਈ ਕਿਹਾ। ਫੂਲਾ ਸਿੰਘ ਨੇ ਆਪਣੀ ਮਾਤਾ ਪਾਸੋਂ ਗੁਰਬਾਣੀ ਪਾਠ ਸਿਖਿਆ ਅਤੇ ਨਰਾਇਣ ਸਿੰਘ ਪਾਸੋਂ ਘੋੜ ਸਵਾਰੀ ਅਤੇ ਸ਼ਸਤਰਾਂ ਦੀ ਸਿਖਲਾਈ ਹਾਸਲ ਕੀਤੀ। ਬਾਅਦ ਵਿਚ, ਸਰਦਾਰ ਨਰਾਇਣ ਸਿੰਘ ਦੀ ਮੌਤ ਤੋਂ ਬਾਅਦ ਉਸਨੂੰ ਮਿਸਲ ਸ਼ਹੀਦਾਂ ਦਾ ਮੁਖੀ ਥਾਪ ਦਿਤਾ ਗਿਆ।

ਸੰਨ ੧੮੦੦ ਵਿਚ ਉਹ ਆਪਣੇ ਜਥੇ ਨਾਲ ਅੰਮ੍ਰਿਤਸਰ ਪਹੁੰਚ ਗਏ। ਉਸਨੇ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਤੇ ਸੇਵਾ ਕੀਤੀ। ਉਥੇ ਗੁਰਦਵਾਰੇ ਵਿਚ ਕਈ ਅਜਿਹੀਆਂ ਰਵਾਇਤਾਂ ਆ ਚੁਕੀਆਂ ਸਨ ਜੋ ਗੁਰੂ ਸਿਖਿਆਵਾਂ ਅਨੁਸਾਰ ਨਹੀਂ ਸਨ ਅਤੇ ਉਹਨਾਂ ਨੇ ਉਹਨਾਂ ਦੇ ਸੁਧਾਰ ਵਾਸਤੇ ਕੰਮ ਕਰਨਾ ਸ਼ੁਰੂ ਕਰ ਦਿਤਾ।

ਸੰਨ ੧੮੦੪ ਵਿਚ ਮਹਾਰਾਜਾ ਰਣਜੀਤ ਸਿੰਘ ਅਤੇ ਭੰਗੀ ਮਿਸਲ, ਜੋ ਅੰਮ੍ਰਿਤਸਰ ਅਤੇ ਨਾਲ ਲਗਦੇ ਇਲਾਕਿਆਂ ਦਾ ਕੰਟਰੋਲ ਕਰਦੀ ਸੀ, ਵਿਚਾਲੇ ਕੁਝ ਵਿਰੋਧਤਾ ਹੋ ਗਈ। ਮਾਈ ਸੁੱਖਾਂ ਭੰਗੀ ਮਿਸਲ ਦੀ ਮੁਖੀ ਸੀ। ਉਸਨੇ ਮਹਾਰਾਜਾ ਅੱਗੇ ਝੁਕਣ ਤੋਂ ਇਨਕਾਰ ਕਰ ਦਿਤਾ। ਭੰਗੀਆਂ ਕੋਲ ਜ਼ਮਜ਼ਮਾ ਨਾਮੀ ਇਕ ਮਸ਼ਹੂਰ ਤੋਪ ਸੀ। ਇਹ ਲਾਹੌਰ ਵਿਚ ਅਹਿਮਦ ਸ਼ਾਹ ਅਬਦਾਲੀ ਦੇ ਰਾਜ ਸਮੇਂ ਬਣਾਈ ਗਈ ਸੀ। ਇਹ ਤੋਪ ਬਹੁਤ ਵੱਡੀ, ਦੂਰ ਤੱਕ ਮਾਰ ਕਰਨ ਵਾਲੀ ਅਤੇ ਆਪਣੀ ਕਿਸਮ ਆਪ ਹੀ ਸੀ।

ਮਹਾਰਾਜਾ ਰਣਜੀਤ ਸਿੰਘ ਚਾਹੁੰਦੇ ਸੀ ਕਿ ਮਾਈ ਸੁੱਖਾਂ ਉਸ ਤੋਪ ਨੂੰ ਤਿਆਗ ਦੇਵੇ, ਪਰ ਉਸਨੇ ਇਨਕਾਰ ਕਰ ਦਿਤਾ। ਮਹਾਰਾਜਾ ਅੰਮ੍ਰਿਤਸਰ ਵੱਲ ਵਧਿਆ ਅਤੇ ਦੋਨਾਂ ਫ਼ੌਜਾਂ ਵਿਚ ਲੜਾਈ ਹੋਈ। ਅਕਾਲੀ ਫੂਲਾ ਸਿੰਘ ਅੰਮ੍ਰਿਤਸਰ ਨੂੰ ਤਬਾਹ ਹੁੰਦਾ ਨਹੀਂ ਦੇਖ ਸਕਦੇ ਸੀ। ਉਹ ਸਿੱਖ ਫ਼ੌਜਾਂ ਨੂੰ ਆਪਸ ਵਿਚ ਲੜਦਿਆਂ ਦੇਖ ਕੇ ਬਹੁਤ ਬੇਚੈਨ ਸਨ। ਸੋ ਓਹਨਾਂ ਨੇ ਅਤੇ ਭਾਈ ਜੋਧ ਸਿੰਘ ਰਾਮਗੜ੍ਹੀਆ ਨੇ ਮਹਾਰਾਜਾ ਅਤੇ ਮਾਈ ਸੁੱਖਾਂ ਵਿਚਾਲੇ ਅਮਨ ਚੈਨ ਦਾ ਸਮਝੌਤਾ ਕਰਾਉਣ ਲਈ ਵਿਚੋਲਗੀ ਕੀਤੀ। ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ ਅਤੇ ਮਾਈ ਸੁੱਖਾਂ ਨੂੰ ਪੰਜ ਪਿੰਡਾਂ ਦੀ ਜਗੀਰ ਮਿਲ ਗਈ।

ਮਹਾਰਾਜਾ ਨੇ ਫੂਲਾ ਸਿੰਘ ਅਤੇ ਉਸਦੇ ਜਥੇ ਦੇ ੩੦੦੦ ਨਿਹੰਗਾਂ ਨੂੰ ਸ਼ਾਹੀ ਫ਼ੌਜ ਵਿਚ ਸ਼ਾਮਲ ਹੋਣ ਲਈ ਕਿਹਾ। ਅਕਾਲੀ ਫੂਲਾ ਸਿੰਘ ਦਾ ਜਥਾ ਲੜਾਈਆਂ ਵਿਚ ਬਹੁਤ ਹੀ ਬਹਾਦਰ ਅਤੇ ਪ੍ਰਾਪਤੀਆਂ ਵਾਲਾ ਸੀ। ਕਸੂਰ ਦੀ ਲੜਾਈ ਵਿਚ ਉਹਨਾਂ ਬਹੁਤ ਹੀ ਮਾਹਰਕੇ ਵਾਲਾ ਕੰਮ ਕੀਤਾ।

ਇਕ ਦਿਨ ਅਕਾਲੀ ਫੂਲਾ ਸਿੰਘ ਮਹਾਰਾਜੇ ਨੂੰ ਮਿਲਣ ਗਏ। ਉਹਨਾਂ ਨੂੰ ਕੁਝ ਦਿਨਾਂ ਵਾਸਤੇ ਮਿਲਣ ਲਈ ਆਗਿਆ ਨਾ ਮਿਲੀ। ਉਸਨੇ ਮਹਾਰਾਜਾ ਨੂੰ ਸ਼ਿਕਾਇਤ ਕੀਤੀ ਪਰ ਉਸਦੇ ਜੁਆਬ ਤੋਂ ਉਹ ਸੰਤੁਸ਼ਟ ਨਹੀਂ ਸੀ। ਉਸਨੇ ਬੇਇਜ਼ਤੀ ਮਸੂਸ ਕੀਤੀ। ਉਸਨੇ ਅੰਮ੍ਰਿਤਸਰ ਛੱਡ ਦਿਤਾ ਅਤੇ ਆਪਣੇ ਜਥੇ ਸਮੇਤ ਅਨੰਦਪੁਰ ਚਲੇ ਗਏ।

੧੮੧੪ ਵਿਚ ਸ਼ਹਿਜ਼ਾਦਾ ਪਰਤਾਪ ਸਿੰਘ ਜੀਂਦ ਤੋਂ ਅਕਾਲੀ ਫੂਲਾ ਸਿੰਘ ਨੂੰ ਅਨੰਦਪੁਰ ਸਾਹਿਬ ਮਿਲਣ ਆਇਆ। ਉਸਦੇ ਬ੍ਰਿਟਿਸ਼ ਸਰਕਾਰ ਨਾਲ ਕੁਝ ਮੱਤਭੇਦ ਸਨ ਅਤੇ ਉਹਨਾਂ ਨੇ ਸ਼ਹਿਜ਼ਾਦੇ ਨੂੰ ਵਾਪਸ ਭੇਜ ਦੇਣ ਲਈ ਕਿਹਾ।ਉਹਨਾਂ ਨੇ ਇਨਕਾਰ ਕਰ ਦਿੱਤਾ। ਮਹਾਰਾਜਾ ਰਣਜੀਤ ਸਿੰਘ, ਜੋ ਅੰਗਰੇਜ਼ਾਂ ਦੀ ਮਦਦ ਕਰ ਰਹੇ ਸਨ, ਦੀਵਾਨ ਮੋਤੀ ਰਾਮ ਨੂੰ ਫ਼ੌਜ ਦੇ ਕੇ ਭੇਜਿਆ। ਜਦ ਫ਼ੌਜਾਂ ਨੂੰ ਅਕਾਲੀ ਫੂਲਾ ਸਿੰਘ ਨੂੰ ਘੇਰਾ ਪਾਉਣ ਲਈ ਕਿਹਾ ਗਿਆ, ਤਾਂ ਉਹਨਾਂ ਨੇ ਇਹ ਕਹਿੰਦਿਆਂ ਆਪਣੇ ਹਥਿਆਰ ਸੁੱਟ ਦਿਤੇ ਕਿ ਅਕਾਲੀ ਫੂਲਾ ਸਿੰਘ ਵਰਗੇ ਮਹਾਨ ਇਨਸਾਨ ਉਤ ਕਿਸੀ ਹਾਲਤ ਵਿੱਚ ਵੀ ਹਮਲਾ ਨਹੀਂ ਕਰਨਗੇ।ਜਦ ਮਹਾਰਾਜਾ ਨੇ ਅਕਾਲੀ ਫੂਲਾ ਸਿੰਘ ਪ੍ਰਤੀ ਲੋਕਾਂ ਦੀ ਇਤਨੀ ਸ਼ਰਧਾ ਬਾਰੇ ਸੁਣਿਆ ਤਾਂ ਮਹਾਰਾਜਾ ਨੇ ਅਕਾਲੀ ਫੂਲਾ ਸਿੰਘ ਨਾਲ ਅਮਨ ਸਮਝੌਤਾ ਕਰਨ ਦਾ ਫ਼ੈਸਲਾ ਕੀਤਾ। ਉਸਨੇ ਆਪਨੀ ਫ਼ੌਜਾਂ ਨੂੰ ਵਾਪਸ ਬੁਲਾ ਲਿਆ ਅਤੇ ਸਾਹਿਬ ਸਿੰਘ ਬੇਦੀ ਨਾਮੀ ਇਕ ਵਿਅੱਕਤੀ ਨੂੰ ਭੇਜਿਆ ਕਿ ਅਕਾਲੀ ਫੂਲਾ ਸਿੰਘ ਨੂੰ ਵਾਪਸ ਅੰਮ੍ਰਿਤਸਰ ਆਉਣ ਲਈ ਮਨਾਵੇ।

ਜਨਵਰੀ ੧੮੧੮ ਵਿਚ ਮਹਾਰਾਜਾ ਨੇ ਮੁਲਤਾਨ ਨੂੰ ਆਪਣੇ ਕਬਜ਼ੇ ਵਿਚ ਕਰਨ ਲਈ ਫ਼ੌਜ ਨੂੰ ਭੇਜਿਆ। ਖਾਲਸਾ ਫ਼ੌਜ ਸ਼ਹਿਰ ਨੂੰ ਆਪਣੇ ਕਬਜ਼ੇ ਵਿਚ ਲੈਣ ਵਿੱਚ ਸਫਲ ਹੋ ਗਈ ਪਰ ਮੁਲਤਾਨ ਦੇ ਰਾਜੇ ਨਵਾਬ ਮੁਜ਼ੱਫ਼ਰ ਖਾਨ ਨੇ ਇਕ ਕਿਲੇ ਵਿਚ ਸ਼ਰਣ ਲੈ ਲਈ। ਖਾਲਸਾ ਫ਼ੌਜ ਨੇ ਕਿਲੇ ਨੂੰ ਘੇਰਾ ਪਾ ਲਿਆ ਪਰ ਨਵਾਬ ਦੀ ਕਿਲੇਬੰਦੀ ਨੂੰ ਭੰਗ ਨਾ ਕਰ ਸਕੇ। ਉਹ ਉਥੇ ਤਿੰਨ ਮਹੀਨੇ ਰੁਕੇ ਰਹੇ।ਮਹਾਰਾਜਾ ਰਣਜੀਤ ਸਿੰਘ ਨੇ ਅਕਾਲੀ ਫੂਲਾ ਸਿੰਘ ਨੂੰ ਮਦਦ ਕਰਨ ਵਾਸਤੇ ਕਿਹਾ। ਫੂਲਾ ਸਿੰਘ ਆਪਣੇ ਜਥੇ ਨਾਲ ਜ਼ਮਜ਼ਮਾ ਤੋਪ ਲੈ ਕੇ ਮੁਲਤਾਨ ਗਏ। ਉਹ ਕਿਲੇ ਦੀਆਂ  ਕੰਧਾਂ ਤੋੜਨ ਵਿਚ ਕਾਮਯਾਬ ਹੋ ਗਏ ਅਤੇ ਕਿਲੇ ਦੇ ਅੰਦਰ ਦਾਖਲ ਹੋ ਕੇ ਨਵਾਬ ਦੀਆਂ ਫ਼ੌਜਾਂ ਨਾਲ ਆਹਮੋ-ਸਾਹਮਣੇ ਲੜਾਈ ਹੋਈ। ਅਕਾਲੀ ਫੂਲਾ ਸਿੰਘ ਨੇ ਆਪ ਨਵਾਬ ਨੂੰ ਮਾਰ ਦਿਤਾ ਅਤੇ ਕਿਲੇ ਨੂੰ ਕਬਜ਼ੇ ਵਿਚ ਕਰ ਲਿਆ। ਉਹਨਾਂ ਦੀ ਮੌਤ ਹੋਣ ਨਾਲ ਨਿਹੰਗ ਗੁੱਸੇ ਵਿਚ ਭੜਕ ਪਏ ਅਤੇ ਉਹ ਇਤਨੀ ਕਰੂਰਤਾ ਨਾਲ ਲੜੇ ਕਿ ਦੁਸ਼ਮਣ ਨੂੰ ਪਿਛੇ ਧਕੇਲ ਦਿਤਾ। ਉਹਨਾਂ ਨੇ ਲੜਾਈ ਜਿੱਤ ਲਈ, ਪਰ ਇਕ ਮਹਾਨ ਯੋਧਾ ਅਕਾਲੀ ਫੂਲਾ ਸਿੰਘ ਨੂੰ ਗਵਾ ਬੈਠੇ।

ਅਪ੍ਰੈਲ ੧੮੧੬ ਵਿਚ, ਮੀਰ ਹਾਫ਼ਿਜ਼ ਖਾਨ ਨੇ ਭੱਖੜ ਅਤੇ ਲੀਹਾ ਦੇ ਨਵਾਬ ਮੁਹੰਮਦ ਖਾਨ ਨੂੰ ਬਾਹਰ ਕਢ ਦਿਤਾ ਅਤੇ ਉਸਦਾ ਇਲਾਕਾ ਕਬਜ਼ੇ ਵਿਚ ਕਰ ਲਿਆ। ਉਸਨੂੰ ਸਜ਼ਾ ਦੇਣ ਲਈ ਮਹਾਰਾਜਾ ਨੇ ਅਕਾਲੀ ਫੂਲਾ ਸਿੰਘ ਅਤੇ ਫ਼ਤਹਿ ਸਿੰਘ ਨੂੰ ਭੇਜਿਆ। ਉਸਨੇ ਚਾਰ ਦਿਨ ਲੜਾਈ ਹੋਣ ਤੋਂ ਬਾਅਦ ਖਾਲਸੇ ਦੀ ਰਾਜ-ਸੱਤਾ ਨੂੰ ਮੰਨ ਲਿਆ। ਉਸ ਸਮੇਂ ਤੱਕ ਮਹਾਰਾਜਾ ਆਪ ਵੀ ਪਹੁੰਚ ਗਿਆ। ਉਥੇ ਝੰਗ

ਦੇ ਲੋਕਾਂ ਨੇ ਮਹਾਰਾਜਾ ਕੋਲ ਆਪਣੇ ਰਾਜਾ ਅਹਿਮਦ ਖਾਨ ਦੇ ਜ਼ੁਲਮਾਂ ਵਿਰੁੱਧ ਸ਼ਿਕਾਇਤ ਕੀਤੀ। ਮਹਾਰਾਜਾ ਨੇ ਅਹਿਮਦ ਖਾਨ ਨੂੰ ਸਜ਼ਾ ਦੇਣ ਲਈ ਅਕਾਲੀ ਫੂਲਾ ਸਿੰਘ ਨੂੰ ਭੇਜਿਆ। ਅਕਾਲੀ ਫੂਲਾ ਸਿੰਘ ਨੇ ਕੁਝ ਥੋਹੜੀ ਜਿਹੀ ਝੜਪ ਤੋਂ ਬਾਅਦ ਝੰਗ ਦਾ ਇਲਾਕਾ ਖਾਲਸਾ ਰਾਜ ਵਿਚ ਮਿਲਾ ਲਿਆ।

ਜਨਵਰੀ ੧੮੧੮ ਵਿਚ ਮਹਾਰਾਜਾ ਨੇ ਮੁਲਤਾਨ ਨੂੰ ਖਾਲਸਾ ਰਾਜ ਵਿਚ ਮਿਲਾਉਣ ਲਈ ਫ਼ੌਜਾਂ ਭੇਜੀਆਂ। ਨਵਾਬ ਮੁਜ਼ੱਫ਼ਰ ਖਾਨ ਨੇ ਖਾਲਸਾ ਫ਼ੌਜਾਂ ਆਉਣ ਤੋਂ ਪਹਿਲਾਂ ਹੀ ਤਿਆਰੀਆ ਕਰ ਰਖੀਆਂ ਸਨ। ਖਾਲਸਾ ਫ਼ੌਜ ਨੇ ਇਕ ਹਫ਼ਤੇ ਦੀ ਗੋਲਾ ਬਾਰੀ ਤੋਂ ਬਾਅਦ ਸ਼ਹਿਰ ਤੇ ਕਬਜ਼ਾ ਕਰ ਲਿਆ ਪਰ ਨਵਾਬ ਕਿਲੇ ਦੇ ਅੰਦਰ ਛੁਪ ਗਿਆ।ਤਿੰਨ ਮਹੀਨੇ ਦੀ ਲਗਾਤਾਰ ਗੋਲਾ ਬਾਰੀ ਨਾਲ ਵੀ ਕਿਲੇ ਤੇ ਕੋਈ ਅਸਰ ਨਾ ਹੋਇਆ। ਗਰਮੀਆਂ ਆਉਣ ਕਰਕੇ ਗ਼ਲ ਸੜ ਰਹੀਆਂ ਲਾਸ਼ਾ ਦੀ ਬਦਬੂ ਕਾਰਨ ਹੈਜ਼ਾ ਫ਼ੈਲ ਗਿਆ ਅਤੇ ਸਿਪਾਹੀ ਮਰਨਾ ਸ਼ੁਰੂ ਹੋ ਗਏ। ਜਦ ਮਹਾਰਾਜਾ ਨੂੰ ਇਹ ਖ਼ਬਰ ਮਿਲੀ ਤਾਂ ਉਹ ਅੰਮ੍ਰਿਤਸਰ ਗਿਆ ਅਤੇ ਅਕਾਲੀ ਫੂਲਾ ਸਿੰਘ ਨੂੰ ਖਾਲਸਾ ਫ਼ੌਜ ਦੀ ਮੰਦਹਾਲੀ ਬਾਰੇ ਦਸਿਆ।ਅਕਾਲੀ ਫੂਲਾ ਸਿੰਘ ਆਪਣੇ ਜਥੇ ਨੂੰ ਅਤੇ 'ਭੰਗੀ' ਤੋਪ ਨਾਲ ਲੈ ਕੇ ਖਾਲਸਾ ਫ਼ੌਜ ਦੀ ਮਦਦ ਲਈ ਮੁਲਤਾਨ ਪਹੁੰਚਿਆ। ਤਿੰਨ ਜਾਂ ਚਾਰ ਗੋਲਿਆਂ ਨਾਲ ਹੀ ਕਿਲੇ ਦੀ ਕੰਧ ਵਿਚ ਦੋ ਤਰੇੜਾਂ ਪੈ ਗਈਆਂ। ਨਵਾਬ ਨੇ ਤਰੇੜਾਂ ਨੂੰ ਰੇਤ ਦੀਆ ਬੋਰੀਆਂ ਨਾਲ ਭਰਵਾ ਦਿਤਾ। ਪਰ ਤੋਪ ਦੇ ਗੋਲਿਆਂ ਨਾਲ ਰੇਤ ਦੀਆ ਬੋਰੀਆਂ ਡਿੱਗ ਪਈਆਂ। ਅਕਾਲੀ ਫੂਲਾ ਸਿੰਘ ਆਪਣੇ ਜਥੇ ਨਾਲ ਉਸ ਰਸਤੇ ਰਾਹੀਂ ਕਿਲੇ ਦੇ ਅੰਦਰ ਦਾਖਲ ਹੋਇਆ ਅਤੇ ਦੁਸ਼ਮਣ ਨਾਲ ਤਲਵਾਰਬਾਜ਼ੀ ਹੋਣ ਲੱਗੀ। ਨਵਾਬ ਅਤੇ ਅਕਾਲੀ ਫੂਲਾ ਸਿੰਘ ਆਹਮੋ-ਸਾਹਮਣੇ ਲੜਨ ਲੱਗੇ। ਉਹਨਾਂ ਇਕ ਦੂਜੇ ਤੇ ਕਈ ਵਾਰ ਕੀਤੇ, ਪਰ ਆਖਰਕਾਰ ਨਵਾਬ ਮੁਜ਼ੱਫ਼ਰ ਖਾਨ ਮਰ ਗਿਆ ਅਤੇ ਜ਼ਮੀਨ ਤੇ ਡਿੱਗ ਪਿਆ। ਨਵਾਬ ਦੀ ਮੌਤ ਹੋ ਜਾਣ ਤੇ ਖਾਲਸਾ ਫ਼ੌਜ ਨੇ ਕਿਲੇ ਤੇ ਕਬਜ਼ਾ ਕਰ ਲਿਆ।

੧੮੧੯ ਦੇ ਸ਼ੁਰੂ ਵਿਚ, ਮਹਾਰਾਜਾ ਨੇ ਅਕਾਲੀ ਫੂਲਾ ਸਿੰਘ ਅਤੇ ਹੋਰ ਮੁਖੀਆਂ ਨੂੰ ਨਾਲ ਲੈ ਕੇ ਕਸ਼ਮੀਰ ਤੇ ਹਮਲਾ ਕੀਤਾ। ਕਸ਼ਮੀਰ ਨੂੰ ਖਾਲਸਾ ਰਾਜ ਵਿਚ ਮਿਲਾ ਲੈਣ ਤੇ ਅਤੇ ਦੀਵਾਨ ਮਾਲੀ ਰਾਮ ਨੂੰ ਗਵਰਨਰ ਨਿਯੁੱਕਤ ਕਰਨ ਤੋਂ ਬਾਅਦ ਸਾਰੇ ਵਾਪਸ ਲਾਹੌਰ ਆ ਗਏ।

੧੨ ਫਰਵਰੀ ੧੮੨੩ ਨੂੰ ਮੁਹੰਮਦ ਆਜ਼ਮ ਖਾਨ ਨੇ ਕਾਬੁਲ ਤੋਂ ਚਲ ਕੇ ਪੇਸ਼ਾਵਰ ਤੇ ਆ ਕਬਜ਼ਾ ਕੀਤਾ। ਮਹਾਰਾਜਾ ਨੇ ਹਰੀ ਸਿੰਘ ਨਲਵਾ ਅਤੇ ਕੰਵਰ ਸ਼ੇਰ ਸਿੰਘ ਨੂੰ ਫ਼ੌਜਾਂ ਨਾਲ ਅਗਾਊਂ ਭੇਜਿਆ ਅਤੇ ਆਪ ਵੀ ਬਾਅਦ ਵਿਚ ਅਕਾਲੀ ਫੂਲਾ ਸਿੰਘ ਨੂੰ ਨਾਲ ਲੈ ਕੇ ਜੰਗੇ-ਮੈਦਾਨ ਵਿਚ ਪਹੁੰਚ ਗਿਆ। ਗੁਰੂ ਗਰੰਥ ਸਾਹਿਬ ਅੱਗੇ ਅਰਦਾਸ ਕਰਦਿਆਂ ੧੪ ਮਾਰਚ ੧੮੨੩ ਨੂੰ ਦੁਸ਼ਮਣ ਤੇ ਹਮਲਾ ਕਰਨ ਦਾ ਮਤਾ ਕੀਤਾ। ਬਾਅਦ ਵਿਚ ਇਹ ਖਬਰ ਮਿਲੀ – 'ਦੁਸ਼ਮਣ ਦੀਆ ਤੋਪਾਂ ਦੇ ਪਹੁੰਚਣ ਦੀ ਉਮੀਦ'। ਇਹ ਖਬਰ ਮਿਲਣ ਤੇ ਮਹਾਰਾਜਾ ਨੇ ਕਿਹਾ: "ਸਾਨੂੰ ਵੀ ਲੜਾਈ ਸ਼ੁਰੂ ਕਰਨ ਤੋਂ ਪਹਿਲਾਂ ਆਪਣੀਆਂ ਤੋਪਾਂ ਦੀ ਉਡੀਕ ਕਰਨੀ ਚਾਹੀਦੀ ਹੈ"।

ਅਕਾਲੀ ਫੂਲਾ ਸਿੰਘ ਨੇ ਕਿਹਾ: "ਅਸੀਂ ਹਮਲਾ ਕਰਨ ਲਈ ਅਰਦਾਸ ਕਰ ਚੁੱਕੇ ਹਾਂ। ਕੁਝ ਵੀ ਹੋਵੇ, ਸਾਨੂੰ ਕੋਈ ਉਡੀਕ ਨਹੀਂ ਕਰਨੀ ਚਾਹੀਦੀ"। ਇਹ ਕਹਿੰਦਿਆਂ ਉਸਨੇ ਆਪਣੇ ਜਥੇ ਨਾਲ ਦੁਸ਼ਮਣ ਤੇ ਹਮਲਾ ਬੋਲ ਦਿਤਾ। ਉਸਦੀ ਅਗਵਾਈ ਹੇਠ ਚਲਦਿਆਂ ਬਾਕੀ ਫ਼ੌਜਾਂ ਵੀ ਦੁਸ਼ਮਣ ਤੇ ਝਪਟ ਪਈਆਂ। ਖਾਲਸਾ ਫ਼ੌਜ ਨੇ ਦੁਸ਼ਮਣ ਨੂੰ ਪਿਛੇ ਹਟਣ ਲਈ ਮਜਬੂਰ ਕਰ ਦਿਤਾ। ਅਜਿਹੀ ਘਬਰਾਹਟ ਵਿਚ ਕਿਧਰੇ ਪਹਾੜੀ ਪਿਛੇ ਲੁਕੇ ਇਕ ਅਫ਼ਗਾਨੀ ਨੇ ਚਾਰ ਗੋਲੀਆਂ ਚਲਾਈਆਂ। ਉਹਨਾਂ ਵਿਚੋਂ ਤਿੰਨ ਗੋਲੀਆਂ ਅਕਾਲੀ ਫੂਲਾ ਸਿੰਘ ਦੀ ਸਵਾਰੀ ਵਾਲੇ ਹਾਥੀ ਦੇ ਮਹਾਵਤ ਨੂੰ ਵੱਜੀਆਂ ਅਤੇ ਚੌਥੀ ਗੋਲੀ ਅਕਾਲੀ ਫੂਲਾ ਸਿੰਘ ਦੀ ਛਾਤੀ ਵਿਚੋਂ ਪਾਰ ਹੋ ਗਈ ਅਤੇ ਉਹ ਉਥੇ ਬੈਠਾ ਹੀ ਢੇਰੀ ਹੋ ਗਿਆ।

*****************

# ਸਿੱਖ (੧੭੧੬-੧੯੦੧) ਬਨਾਮ ਮੁਗ਼ਲ / ਅਫ਼ਗਾਨ ਰਾਜੇ

ਬੰਦਾ ਬਹਾਦਰ ਦੀ ਸ਼ਹੀਦੀ (੧੭੧੬) ਤੋਂ ਬਾਅਦ ਦਾ ਸਮਾਂ ਸਿੱਖਾਂ ਵਾਸਤੇ ਅਤੇ ਖਾਸ ਕਰਕੇ ਭਾਰਤ ਦੇ ਇਸ ਹਿੱਸੇ ਵਿਚ ਬੜਾ ਹਫ਼ੜਾ ਦਫ਼ੜੀ ਵਾਲਾ ਸਮਾਂ ਸੀ। ਹਕੋਮਤ ਦੇ ਦੋ ਕੇਂਦਰ ਦਿੱਲੀ ਅਤੇ ਲਾਹੌਰ ਸਨ, ਅਤੇ ਤਖ਼ਤ ਹਥਿਆਉਣ ਲਈ ਇਹਨਾਂ ਦੋਹਾਂ ਥਾਵਾਂ ਤੇ ਅਕਸਰ ਘਮਸਾਨ ਦੀਆਂ ਲੜਾਈਆਂ ਹੁੰਦੀਆਂ ਰਹਿੰਦੀਆਂ ਸਨ। ਲਾਹੌਰ ਦ ਗਵਰਨਰ (ਜ਼ਕਰੀਆ ਖਾਨ ਵਗੈਰਾ) ਦਿੱਲੀ ਪ੍ਰਤੀ ਅਕਸਰ ਜਵਾਬਦੇਹ ਹੁੰਦੇ ਸਨ, ਪਰ ਹਮੇਸ਼ਾ ਨਹੀਂ।

ਬਾਹਰੋਂ ਵੀ ਅਫ਼ਗਾਨਿਸਤਾਨ ਤੋਂ ਹਮਲਾਵਰ (ਨਾਦਰ ਸ਼ਾਂਹ, ਅਹਿਮਦ ਸ਼ਾਹ ਅਬਦਾਲੀ ਵਰਗੇ) ਹਮਲੇ ਕਰਦੇ ਰਹਿੰਦੇ ਸਨ।

ਕਿਉਂਕਿ ਸਰਕਾਰੀ ਤਾਕਤਾਂ ਸਿੱਖਾਂ ਪ੍ਰਤੀ ਆਮ ਕਰਕੇ ਬਹੁਤ ਵਿਰੋਧ-ਭਾਵਨਾ ਰਖਦੀਆਂ ਸਨ, ਸੋ ਉਹਨਾਂ ਵਾਸਤੇ ਇਹ ਸਮਾਂ ਇਕ ਤਰ੍ਹਾਂ ਹਾਲਾਤ ਬਦਲੀ ਦੀ ਅਵਸਥਾ ਵਾਲਾ ਸਮਾਂ ਬਣ ਗਿਆ। ਬੰਦਾ ਬਹਾਦਰ ਦੀ ਸ਼ਹੀਦੀ ਤੋਂ ਬਾਅਦ, ਉਹਨਾਂ ਨੂੰ ਪਿੱਛੇ ਹਟਣਾ ਪਿਆ ਅਤੇ ਅਤੇ ਹੌਲੀ ਹੌਲੀ ਆਪਣੀ ਸਮਾਜਿਕ ਏਕਤਾ ਅਤੇ ਫ਼ੌਜੀ ਢਾਂਚੇ ਨੂੰ ਮੁੜ ਸਥਾਪਤ ਕਰਨਾ ਪਿਆ। ਉਹਨਾਂ ਨੇ ਦਲ ਅਤੇ ਮਿਸਲਾਂ ਬਣਾਈਆਂ ਅਤੇ ਆਪਣੀਆਂ ਫ਼ੌਜੀ ਟੁਕੜੀਆਂ ਬਣਾ ਕੇ ਵਾਸਤਵ ਵਿਚ ਸਰਕਾਰ ਦਾ ਹੀ ਰੂਪ ਬਣਾ ਲਿਆ।

ਉਹ ਆਮ ਕਰਕੇ ਇਕੱਠੇ ਹੀ ਕੰਮ ਕਰਿਆ ਕਰਦੇ ਸਨ, ਪਰ ਕਦੇ ਕਦੇ ਇਕ ਦੂਜੇ ਨਾਲ ਮੱਤਭੇਦ ਵੀ ਬਣਾ ਲੈਂਦੇ ਸਨ ਕਿਉਂਕਿ ਹਰ ਕੋਈ ਵਸੀਲਿਆਂ, ਜ਼ਮੀਨ, ਪੈਸਾ ਅਤੇ ਤਾਕਤ ਦੀ ਦੌੜ ਵਿਚ ਸੀ। ਉਹ ਆਮ ਕਰਕੇ ਬਗਾਵਤੀ ਭਾਵਨਾ ਨਾਲ ਦਿੱਲੀ ਅਤੇ ਲਾਹੌਰ ਦੀਆਂ ਸਰਕਾਰਾਂ ਨਾਲ ਲੜਦੇ ਰਹਿੰਦੇ, ਪਰ ਕਦੇ ਕਦੇ ਉਹਨਾਂ ਵਾਸਤੇ ਅਤੇ ਉਹਨਾਂ ਦੇ ਨਾਲ ਵੀ ਰਲ ਮਿਲ ਕੇ ਕੰਮ ਕਰਦੇ ਸਨ।

ਉਸ ਵੇਲੇ ਦੇ ਵਿਸ਼ੇਸ਼ ਮਹੱਤਤਾ ਰਖਣ ਵਾਲੇ ਸਿੱਖ ਅਤੇ ਖਾਲਸਾ ਹਸਤੀਆ ਦੇ ਕਾਰਨਾਮਿਆਂ ਬਾਰੇ ਦਸਿਆ ਜਾ ਰਿਹਾ ਹੈ ਤਾਕਿ ਪੰਥ ਚਿਰਜੀਵ ਜ਼ਿੰਦਾ ਰਹੇ ਅਤੇ ਖੁਸ਼ਹਾਲੀ ਸਹਿਤ ਵਧ ਫ਼ੁੱਲ ਸਕੇ।

ਇਹ ਚਾਰਟ ਕੁਝ ਮਹਾਨ ਸਿੱਖ ਯੋਧਿਆਂ ਬਾਰੇ ਸੰਖੇਪ ਜਿਹੀ ਜਾਣਕਾਰੀ ਹੈ ਜਿਹਨਾਂ ਨਾਲ ਅਸੀਂ ਮੁਗ਼ਲ ਅਤੇ ਅਫ਼ਗਾਨੀ ਹਸਤੀਆਂ ਨੂੰ ਵੀ ਜੋੜਿਆ ਹੈ ਜਿਹੜੇ ਸਿੱਖਾਂ ਨਾਲ ਅਕਸਰ ਲੜਾਈਆਂ ਕਰਦੇ ਰਹੇ ਅਤੇ ਉਹਨਾਂ ਨੂੰ ਤਸੀਹੇ ਵੀ ਦਿੰਦੇ ਰਹੇ।

| ਸਿੱਖ ਆਗੂ | ਲਾਹੌਰ ਵਿਚ ਹੁਕਮਰਾਨ | ਦਿੱਲੀ ਵਿਚ ਰਾਜੇ |
|---|---|---|
| ਬੰਦਾ ਸਿੰਘ ਬਹਾਦਰ<br>੧੬੭੦-੧੭੧੬ | ਵਜ਼ੀਰ ਖਾਨ ੧੬੩੫-੧੭੧੦<br>ਸਰਹੰਦ ਦਾ ਗਵਰਨਰ ਜਿਸ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਵਾ ਕੇ ਸ਼ਹੀਦ ਕਰਨ ਦਾ ਹੁਕਮ ਦਿਤਾ। | ਬਹਾਦੁਰ ਸ਼ਾਹ ੧੭੦੭-੧੭੧੨<br>ਜਹਾਂਦਾਰ ਸ਼ਾਹ ੧੭੧੨-੧੭੧੩ |
| ਦੀਵਾਨ ਦਰਬਾਰਾ ਸਿੰਘ<br>ਲੀਡਰਸ਼ਿਪ ੧੭੧੬-੧੭੩੩ | ਜ਼ਕਰੀਆ ਖਾਨ, ਵਾਇਸਰਾਏ ਪੰਜਾਬ<br>੧੭੨੬-੧੭੪੫ | ਫ਼ਰੁਖਸਾਇਰ ੧੭੧੩-੧੭੧੯<br>ਮੁਹੰਮਦ ਸ਼ਾਹ ੧੭੧੯-੧੭੪੮ |
| ੱਵਾਬ ਕਪੂਰ ਸਿੰਘ<br>ਲੀਡਰਸ਼ਿਪ ੧੭੩੩-੧੭੪੮ | ਜ਼ਕਰੀਆ ਖਾਨ<br>ਨਾਦਿਰ ਸ਼ਾਹ ਨੇ ੧੭੩੯ ਵਿਚ ਈਰਾਨ ਤੋਂ ਹਮਲਾ ਕੀਤਾ।<br>ਉਹ ਈਰਾਨ ਦਾ ਸ਼ਾਹ ਸੀ। | |
| ਜੱਸਾ ਸਿੰਘ ਆਹਲੂਵਾਲੀਆ<br>ਲੀਡਰਸ਼ਿਪ ੧੭੪੮-੧੭੮੩ | ਜ਼ਕਰੀਆ ਖਾਨ<br>ਅਹਿਮਦ ਸ਼ਾਹ ਅਬਦਾਲੀ (ਦੁਰਾਨੀ) ਨੇ ੧੭੪੮ ਅਤੇ ੧੭੬੭ ਵਿਚਕਾਰ ਅੱਠ ਵਾਰ ਭਾਰਤ ਉੱਪਰ ਹਮਲਾ ਕੀਤਾ। ਉਹ ਨਾਦਰ ਸ਼ਾਹ ਅਫ਼ਗਾਨਿਸਤਾਨ ਦੇ ਤਖ਼ਤ ਅਤੇ ਨਾਦਿਰ ਸ਼ਾਹ ਦਾ ਉਤਰਾਧਿਕਾਰੀ ਬਣਿਆ। | ਬਹਾਦਰ ਸ਼ਾਹ ੧੭੪੮-੧੭੫੪<br>ਆਲਮਗੀਰ ੧੭੫੪-੧੭੫੯<br>ਸ਼ਾਹ ਜਹਾਨ ਿਿ ੧੭੫੯-੧੭੬੦ |
| ਜੱਸਾ ਸਿੰਘ ਰਾਮਗੜ੍ਹੀਆ<br>੧੭੨੩-੧੮੦੩<br>ਉਸਦਾ ਜੀਵਨ ਅਤੇ ਕਾਰਨਾਮੇ ਜੱਸਾ ਸਿੰਘ ਆਹਲੂਵਾਲੀਆਂ ਨਾਲ ਕੁਝ ਰਲਦੇ ਮਿਲਦੇ ਰਹੇ। | ਅਹਿਮਦ ਸ਼ਾਹ ਅਬਦਾਲੀ | ਸ਼ਾਹ ਆਲਮ ਿ ੧੭੬੦-੧੮੦੬ |
| ਅਕਾਲੀ ਫੂਲਾ ਸਿੰਘ ੧੭੬੧-੧੮੨੩<br>ਸਿੱਖ ਮਿਸਲ ਲੀਡਰ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਦਾ ਜਨਰਲ। . | ਅਹਿਮਦ ਸ਼ਾਹ ਅਬਦਾਲੀ | ਅਕਬਰ ਿ ੧੮੦੬-੧੮੩੭ |
| ਸ਼ਰਦਾਰ ਬਘੇਲ ਸਿੰਘ ੧੭੩੦-੧੮੦੨<br>ਜੱਸਾ ਸਿੰਘ ਰਾਮਗੜ੍ਹੀਆ ਦਾ ਸਮਕਾਲੀ ਅਤੇ ਜਿਸਨੇ ਕਿਸੇ ਵੇਲੇ ਦਿੱਲੀ ਤੇ ਜਿੱਤ ਪ੍ਰਾਪਤ ਕੀਤੀ | ਅਹਿਮਦ ਸ਼ਾਹ ਅਬਦਾਲੀ ਿ | |
| ਹਰੀ ਸਿੰਘ ਨਲਵਾ। ਮਹਾਰਾਜਾ ਰਣਜੀਤ ਸਿੰਘ ਦੀਆਂ ਫ਼ੌਜਾਂ ਦਾ ਕਮਾਂਡਰ-ਇਨ-ਚੀਫ਼ | | ਮਹਾਰਾਜਾ ਰਣਜੀਤ ਸਿੰਘ ਦਾ ਪੰਜਾਬ ਵਿਚ ਰਾਜ ੧੮੦੧-੧੮੩੯ |